Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
www.khetiduniyan.in
Postage Regd. No. PB/PTA/0338/2025-2027

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
**ਖੇਤੀ ਦੁਨੀਆਂ ਦੇ ਮੈਂਬਰ ਬਣੋ**
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 04-10-2025 • Vol.43 No.40 • M. 90410-14575 • Page 16 E-mail : khetiduniyan1983@gmail.com



**ਪੰਜਾਬ ਦੀ ਖੇਤੀਬਾੜੀ ਵਿੱਚ ਕੰਬਾਈਨਾਂ ਦਾ ਬਹੁਤ ਅਹਿਮ ਯੋਗਦਾਨ ਹੈ । ਸੂਬੇ ਵਿੱਚ ਜ਼ਿਆਦਾਤਰ ਝੋਨੇ ਦੀ ਕਟਾਈ ਕੰਬਾਈਨਾਂ ਨਾਲ ਕੀਤੀ ਜਾਂਦੀ ਹੈ । ਕੰਬਾਈਨਾਂ ਰਾਹੀਂ ਫ਼ਸਲ ਦੀ ਕਟਾਈ ਜ਼ਿਆਦਾਤਰ ਕਿਰਾਏ ਤੇ ਕੀਤੀ ਜਾਂਦੀ ਹੈ ਅਤੇ ਕਿਰਾਏ ਤੇ ਚਲਾਉਣ ਵਾਲੇ ਕੰਬਾਈਨ ਚਾਲਕ ਕਟਾਈ ਦਾ ਕੰਮ ਜਲਦੀ ਕਰਨ ਦੇ ਚੱਕਰ ਵਿੱਚ ਕਟਾਈ ਦੌਰਾਨ ਦਾਨਿਆਂ ਦਾ ਨੁਕਸਾਨ ਕਰ ਦਿੰਦੇ ਹਨ ਅਤੇ ਇਹ ਨੁਕਸਾਨ ਕਿਸਾਨਾਂ ਨੂੰ ਭੁਗਤਣਾ ਪੈਂਦਾ ਹੈ ।**



# ਝੋਨੇ ਦੀ ਵਾਢੀ ਲਈ ਕੰਬਾਈਨ ਦੀ ਸਹੀ ਵਰਤੋਂ ਕਰਨ ਦੇ ਨੁਕਤੇ

**ਅਜੈਬ ਸਿੰਘ ਅਤੇ ਮਨਿੰਦਰ ਸਿੰਘ ਬੌਂਸ, ਪੀ. ਏ. ਯੂ. - ਕ੍ਰਿਸ਼ੀ ਵਿਗਿਆਨ ਕੇਂਦਰ (ਮੋ. 94647-64320)**

**ਕੰਬਾਈਨ ਦੀ ਸੁੱਚਜੀ ਕਟਾਈ ਬਾਬਤ ਜ਼ਰੂਰੀ ਨੁਕਤਿਆਂ ਬਾਬਤ ਜਾਣਕਾਰੀ :**

1. ਕੰਬਾਈਨ ਨੂੰ ਖੇਤ ਵਿੱਚ ਚਲਾਉਣ ਤੋਂ ਪਹਿਲਾਂ ਉਸ ਵਿੱਚੋਂ ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਸਾਫ਼ ਕਰ ਲੈਣਾ ਚਾਹੀਦਾ ਹੈ । ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਥਾਂ ਤੇ ਲੋੜ ਤੋਂ ਜ਼ਿਆਦਾ ਗਰੀਸ ਨਾ ਲੱਗੀ ਹੋਵੇ ।

2. ਕੰਬਾਈਨ ਦੇ ਸਾਰੇ ਨੱਟ ਬੋਲਟ ਅਤੇ ਸ਼ੀਲਡਾਂ ਨੂੰ ਕੱਸ ਦੇਣਾ ਚਾਹੀਦਾ ਹੈ ।

3. ਸਾਰੀਆਂ ਚੇਨਾਂ ਨੂੰ ਤੇਲ ਦੇਣਾ ਚਾਹੀਦਾ ਹੈ ।

4. ਕੰਬਾਈਨ ਦੇ ਹੈਡਰ ਦੀ ਸਹੀ ਅਲਾਈਨਮੈਂਟ ਕਰ ਲੈਣੀ ਚਾਹੀਦੀ ਹੈ ਤਾਂ ਜੋ ਦਾਣਿਆਂ ਦਾ ਨੁਕਸਾਨ ਘੱਟ ਹੋਵੇ ।

5. ਥਰੈਸ਼ਰ ਸਿਲੰਡਰ ਦੇ ਸਾਰੇ ਬੈਰਿੰਗ ਠੀਕ ਤਰ੍ਹਾਂ ਕੰਮ ਕਰਦੇ ਹੋਣ ਅਤੇ ਸਿਲੰਡਰ ਦੇ ਸਾਰੇ ਨੱਟ ਅਤੇ ਬੋਲਟ ਕਸੇ ਹੋਣ ।

6. ਸਿਲੰਡਰ ਅਤੇ ਕੰਨਕੇਵ ਦੀ ਵਿੱਥ ਸਹੀ ਹੋਣੀ ਚਾਹੀਦੀ ਹੈ ਤਾਂ ਜੋ ਗਹਾਈ ਵਧੀਆ ਤਰੀਕੇ ਨਾਲ ਹੋ ਸਕੇ ।

7. ਪੱਖੇ ਦੇ ਬਲੇਡ ਸਾਫ਼ ਹੋਣੇ ਚਾਹੀਦੇ ਹਨ ਤਾਂ ਜੋ ਦਾਣਿਆਂ ਦੀ ਸਫ਼ਾਈ ਸਹੀ ਢੰਗ ਨਾਲ ਹੋ ਸਕੇ ।

8. ਪੱਖੇ ਨੂੰ ਚਲਾਉਣ ਵਾਲੀਆਂ ਬੈਲਟਾਂ ਸਹੀ ਹਾਲਤ ਵਿੱਚ ਹੋਣੀਆਂ ਚਾਹੀਦੀਆਂ ਹਨ ।

9. ਛਾਨਣਿਆਂ ਦੀ ਸਫ਼ਾਈ ਰੱਖੋ ਤਾਂ ਜੋ ਦਾਣਿਆਂ ਦੀ ਸਫ਼ਾਈ ਸਹੀ ਢੰਗ ਨਾਲ ਹੋ ਸਕੇ ।

10. ਦਾਣਿਆਂ ਵਾਲਾ ਟੈਂਕ ਸੁੱਕਾ ਅਤੇ ਸਾਫ਼ ਰੱਖੋ ।

11. 90 ਪ੍ਰਤੀਸ਼ਤ ਤੋਂ ਵੱਧ ਦਾਣੇ ਪੱਕਣ ਤੇ ਹੀ ਕੰਬਾਈਨ ਨਾਲ ਫ਼ਸਲ ਦੀ ਕਟਾਈ ਕੀਤੀ ਜਾਵੇ ।

12. ਕੰਬਾਈਨ ਨੂੰ ਸਹੀ ਗਤੀ ਵਿੱਚ ਚਲਾਉਣਾ ਚਾਹੀਦਾ ਹੈ । ਜੇਕਰ ਕੰਬਾਈਨ ਵਿੱਚ ਫ਼ਸਲ ਦਾ ਰੁਗ ਜ਼ਿਆਦਾ ਚਲੇ ਜਾਵੇ ਜਾਂ ਓਵਰਲੋਡ ਹੋ ਜਾਵੇ ਤਾਂ ਇਸ ਦੀ ਗਤੀ ਘੱਟ ਕਰ ਦੇਣੀ ਚਾਹੀਦੀ ਹੈ ਤਾਂ ਜੋ ਗਹਾਈ ਦਾ ਕੰਮ ਸੁਚੱਜੇ ਢੰਗ ਨਾਲ ਹੋ ਸਕੇ ।

13. ਬਿਊਰੋ ਆਫ਼ ਇੰਡੀਅਨ ਸਟੈਂਡਰਡ (ਬੀ. ਆਈ. ਐਸ.) ਕੋਡ ਦੇ ਅਨੁਸਾਰ ਝੋਨੇ ਦੀ ਕਟਾਈ ਦੌਰਾਨ ਕੁਲ ਦਾਣਿਆਂ ਦਾ ਨੁਕਸਾਨ 2.5 ਪ੍ਰਤੀਸ਼ਤ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ । ਜੇਕਰ ਝੋਨੇ ਦੇ ਦਾਣੇ 1% ਤੋਂ ਜ਼ਿਆਦਾ ਟੁੱਟੇਹੋਣ ਤਾਂ ਸਿਲੰਡਰ ਦੀ ਗਤੀ ਘਟਾਓ ਜਾਂ ਕਨਕੇਵ ਦੀ ਵਿੱਥ ਵਧਾਓ । ਜੇਕਰ ਅਣਗਹੇ ਦਾਣੇ 1% ਤੋਂ ਵੱਧ ਹੋਣ ਤਾਂ ਸਿਲੰਡਰ ਕੰਨਕੇਵ ਦੀ ਵਿੱਥ ਨੂੰ ਘਟਾਓ ।

14. ਕੰਬਾਈਨ ਦੇ ਅੱਗੇ ਅਤੇ ਪਿਛਲੇ ਟਾਇਰਾਂ ਵਿੱਚ ਹਵਾ ਦਾ ਪ੍ਰੈਸ਼ਰ ਸਹੀ ਰੱਖੋ ।

15. ਝੋਨੇ ਦੀ ਡਿੱਗੀ ਹੋਈ ਫ਼ਸਲ ਦੀ ਉਲਟ ਦਿਸ਼ਾ ਵੱਲ ਕੰਬਾਈਨ ਨੂੰ ਚਲਾਓ ।

16. ਜੇਕਰ ਕਟਰਬਾਰ ਦੇ ਬਲੇਡ ਖੁੰਡੇ ਹੋਣ ਤਾਂ ਨਵੇਂ ਬਲੇਡਾਂ ਨਾਲ ਬਦਲ ਲੈਣਾ ਚਾਹੀਦਾ ਹੈ ।

17. ਟੂਲ ਬਾਕਸ ਵਿੱਚ ਨੱਟ ਬੋਲਟ, ਬੈਰਿੰਗ, ਬਲੇਡ ਆਦਿ ਰੱਖੇ ਹੋਣੇ ਚਾਹੀਦੇ ਹਨ ਤਾਂ ਜੋ ਲੋੜ ਪੈਣ ਤੇ ਇਹਨਾਂ ਦੀ ਵਰਤੋਂ ਕੀਤੀ ਜਾ ਸਕੇ ।

18. ਰਵਾਇਤੀ ਕੰਬਾਈਨਾਂ ਵਿੱਚ ਝੋਨੇ ਦੀ ਪਰਾਲੀ ਇੱਕ ਕਤਾਰ ਦੇ ਰੂਪ ਵਿੱਚ ਇੱਕਠੀ ਕੰਬਾਈਨ ਦੇ ਪਿੱਛੇ ਗਿਰਦੀ ਹੈ । ਕੰਬਾਈਨ ਨਾਲ ਵੱਢੀ ਹੋਈ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਚੰਗੀ ਤਰ੍ਹਾਂ ਖਿਲਾਰਣਾ ਜ਼ਰੂਰੀ ਹੈ, ਇਸ ਕੰਮ ਵਾਸਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਕੰਬਾਈਨ ਦੇ ਪਿੱਛੇ ਲੱਗਣ ਵਾਲਾ ਯੰਤਰ, ਜਿਸ ਨੂੰ ਸੁਪਰ ਐੱਸ. ਐੱਮ. ਐੱਸ. (ਸਟਰਾਅ ਮੈਨੇਜਮੈਂਟ ਸਿਸਟਮ) ਕਿਹਾ ਜਾਂਦਾ ਹੈ, ਤਿਆਰ ਕੀਤਾ ਹੈ । ਸੁਪਰ ਐੱਸ. ਐਮ. ਐੱਸ. ਦੀ ਵਰਤੋਂ ਨਾਲ ਝੋਨੇ ਦੀ ਪਰਾਲੀ ਕੁਤਰਾ ਹੋ ਕੇ ਖੇਤ ਵਿੱਚ ਇੱਕਸਾਰ ਖਿਲਰਦੀ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸੁਪਰ ਐਸ. ਐਮ. ਐਸ. ਦੀ ਸਿਫਾਰਿਸ਼ ਸਿਰਫ਼ ਸਵੈ ਚੱਲਿਤ ਕੰਬਾਈਨਾਂ ਲਈ ਹੀ ਕੀਤੀ ਜਾਂਦੀ ਹੈ । ਇਸ ਦੇ ਰੋਟਰ ਦੀ ਡਾਇਨਾਮਿਕ ਬੈਲੇਸਿੰਗ ਮਸ਼ੀਨ ਦੁਆਰਾ ਕਰਵਾ ਕੇ ਫਿੱਟ ਕਰਵਾਉਣਾ ਅਤੀ ਲਾਜ਼ਮੀ ਹੈ, ਜਿਸ ਨਾਲ ਇਸ ਵਿੱਚ ਪੈਦਾ ਹੋਣ ਵਾਲੀ ਵਾਈਬ੍ਰੇਸ਼ਨ (ਕੰਪਨ) ਘੱਟ ਜਾਂਦੀ ਹੈ । ਰੋਟਰ ਲੱਗਭਗ 1600-1800 ਚੱਕਰਾਂ ਤੇ ਚੱਲਣਾ ਚਾਹੀਦਾ ਹੈ । ਸੁਪਰ ਐਸ. ਐਮ. ਐਸ. ਦੀ ਕੰਪਨ ਘਟਾਉਣ ਲਈ ਇਸ ਨੂੰ ਕੰਬਾਈਨ ਦੀ ਚੈਸੀ ਤੋਂ ਸਪੋਰਟ ਦਿੱਤੀ ਜਾਣੀ ਚਾਹੀਦੀ ਹੈ ।

# ਕਣਕ ਦੀ ਐੱਮਐੱਸਪੀ ਵਿੱਚ 160 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ

ਕਿਸਾਨਾਂ ਲਈ ਬਿਹਤਰ ਭਾਅ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਨੇ ਮਾਰਕੀਟਿੰਗ ਸੀਜ਼ਨ 2026-27 ਵਿਚ ਹਾੜੀ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਧਾ ਦਿੱਤਾ ਹੈ । ਕਣਕ ਦੀ ਐੱਮਐੱਸਪੀ ਵਿੱਚ ਪ੍ਰਤੀ ਕੁਇੰਟਲ 160 ਰੁਪਏ ਦਾ ਵਾਧਾ ਕੀਤਾ ਗਿਆ ਹੈ । ਕਣਕ ਦਾ ਨਵਾਂ ਸਮਰਥਨ ਮੁੱਲ ਹੁਣ 2,585 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ ।

| ਐਮ. ਐਸ. ਪੀ. ਵਿੱਚ ਵਾਧਾ | | |
|---|---|---|
| ਫ਼ਸਲ | ਨਵੀਂ | ਵਾਧਾ |
| ਕਣਕ | 2585 | 160 |
| ਜੌਂ | 2150 | 170 |
| ਛੋਲੇ | 5875 | 225 |
| ਮਸਰ | 7000 | 300 |
| ਸਰ੍ਹੋਂ/ਰੇਪਸੀਡ | 6200 | 250 |
| ਕਸੁੰਭੜਾ | 6540 | 600 |

ਸਰਕਾਰ ਦਾ ਯਤਨ ਕਿਸਾਨਾਂ ਨੂੰ ਮਸਰ, ਛੋਲੇ ਤੇ ਤਿਲਾਂ ਵਰਗੀਆਂ ਫ਼ਸਲਾਂ ਦੀ ਖੇਤੀ ਲਈ ਪ੍ਰੇਰਿਤ ਕਰਨ ਦਾ ਹੈ । ਇਸ ਲਈ ਛੋਲੇ, ਮਸਰ ਤੇ ਜੌਂ ਆਦਿ ਦਾ ਵੀ ਸਮਰਥਨ ਮੁੱਲ ਵਧਾਇਆ ਗਿਆ ਹੈ । ਪ੍ਰਧਾਨ ਮੰਤਰੀ ਮੋਦੀ ਦੀ ਪ੍ਰਧਾਨਗੀ ਵਿਚ ਬੁੱਧਵਾਰ ਨੂੰ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਇਹ ਫ਼ੈਸਲਾ ਲਿਆ ।



ਖੇਤੀ ਮਾਹਰਾਂ ਦਾ ਕਹਿਣਾ ਹੈ ਕਿ ਕਣਕ ਅਤੇ ਛੋਲਿਆਂ ਵਰਗੀਆਂ ਫ਼ਸਲਾਂ ਦੀ ਖ਼ਰੀਦ 'ਤੇ ਸਰਕਾਰ ਦਾ ਵੱਧ ਧਿਆਨ ਰਹਿੰਦਾ ਹੈ । ਅਜਿਹੇ ਵਿੱਚ ਕਿਸਾਨਾਂ ਨੂੰ ਇਨ੍ਹਾਂ ਦੀ ਪੈਦਾਵਾਰ ਵੇਚਣ ਵਿੱਚ ਕੋਈ ਪਰੇਸ਼ਾਨੀ ਨਹੀਂ ਹੋਵੇਗੀ । ਸਰਕਾਰ ਦਾ ਦਾਅਵਾ ਹੈ ਕਿ ਇਹ ਵਾਧਾ 2018-19 ਦੇ ਬਜਟ ਤਜਵੀਜ਼ਾਂ ਦੇ ਅਨੁਰੂਪ ਹੈ, ਜਿਸ ਵਿੱਚ ਲਾਗਤ ਮੁੱਲ ਦਾ ਘੱਟ ਤੋਂ ਘੱਟ ਡੇਢ ਗੁਣਾ ਭਾਅ ਯਕੀਨੀ ਬਣਾਉਣ ਦੀ ਗੱਲ ਕਹੀ ਗਈ ਸੀ । ਹਾੜੀ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਵਿੱਚ ਇਹ ਵਾਧਾ ਕਿਸਾਨਾਂ ਲਈ ਰਾਹਤ ਦੀ ਖ਼ਬਰ ਹੈ । ਵਧੇ ਹੋਏ ਭਾਅ ਨਾਲ ਉਨ੍ਹਾਂ ਦਾ ਆਮਦਨ ਵਿਚ ਸੁਧਾਰ ਦੀ ਉਮੀਦ ਹੈ ਪਰ ਕਿਸਾਨਾਂ ਨੂੰ ਵੱਡੀ ਪਰੇਸ਼ਾਨੀ ਖ਼ਰੀਦ ਪ੍ਰਕਿਰਿਆ ਵਿੱਚ ਅੜਿੱਕੇ ਅਤੇ ਸਮੇਂ 'ਤੇ ਭੁਗਤਾਨ ਨਾ ਹੋਣ ਨਾਲ ਹੁੰਦੀ ਹੈ । ਇਸ ਮੋਰਚੇ ਨੂੰ ਦਰੁਸਤ ਕਰ ਕੇ ਖ਼ਰੀਦ ਪ੍ਰਕਿਰਿਆ ਨੂੰ ਸੌਖਾ ਬਣਾਉਣ ਦੀ ਲੋੜ ਹੈ ।

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਿਹਾ ਕਿ ਹਾੜੀ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਦਾ ਫ਼ੈਸਲਾ ਖੁਰਾਕ ਸੁਰੱਖਿਆ ਨੂੰ ਹੋਰ ਮਜ਼ਬੂਤ ਕਰੇਗਾ । ਸਾਡੇ ਕਿਸਾਨ ਵਿਕਸਤ ਭਾਰਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ । ਉਨ੍ਹਾਂ ਦੀ ਭਲਾਈ ਸਾਡੀ ਸਰਕਾਰ ਦੀਆਂ ਸਭ ਤੋਂ ਵੱਡੀਆਂ ਤਰਜੀਹਾਂ ਵਿੱਚੋਂ ਇੱਕ ਹੈ ।

# ਪੰਜਾਬ ਵਿੱਚ ਮੱਝਾਂ, ਗਾਵਾਂ ਦੀ ਗਿਣਤੀ ਵਿੱਚ ਨਿਘਾਰ

## ਭੇਡਾਂ, ਬੱਕਰੀਆਂ ਤੇ ਪੋਲਟਰੀ ਵਿੱਚ ਵਾਧਾ

ਪੰਜਾਬ ਵਿੱਚ ਮੱਝਾਂ ਅਤੇ ਗਾਵਾਂ ਦੀ ਗਿਣਤੀ ਘੱਟਣ ਨੂੰ ਚਿੰਤਾ ਦਾ ਵਿਸ਼ਾ ਮੰਨਿਆ ਜਾ ਰਿਹਾ ਸੀ, ਪਰ ਪੋਲਟਰੀ, ਬੱਕਰੀਆਂ, ਭੇਡਾਂ ਅਤੇ ਘੋੜਿਆਂ ਦੀ ਗਿਣਤੀ ਵਧਣ ਨਾਲ ਸੂਬੇ ਦਾ ਪਸ਼ੂ-ਪਾਲਣ ਖੇਤਰ ਨਵੇਂ ਦੌਰ ਵਿੱਚ ਸ਼ਾਮਿਲ ਹੁੰਦਾ ਨਜ਼ਰ ਆਉਣ ਲੱਗਾ ਹੈ । ਪਿਛਲੇ ਸਮੇਂ ਦੌਰਾਨ ਉਪਰੋਕਤ ਦੋਵਾਂ ਦੁਧਾਰੂ ਪਸ਼ੂਆਂ ਦੀ ਗਿਣਤੀ ਵਿੱਚ ਹੈਰਾਨੀਜਨਕ ਢੰਗ ਨਾਲ ਨਿਘਾਰ ਆਇਆ ਹੈ, ਜਿਸ ਵਿੱਚ 37 ਫੀਸਦੀ ਮੱਝਾਂ ਅਤੇ 19 ਫੀਸਦੀ ਗਾਵਾਂ ਦੀ ਗਿਣਤੀ ਹੇਠਾਂ ਆਈ ਹੈ । ਜੇਕਰ 1980 ਤੋਂ 1990 ਦੇ ਦਹਾਕੇ ਦੀ ਗੱਲ ਕਰੀਏ, ਤਾਂ ਇਸ ਦੌਰ ਨੂੰ ਪੰਜਾਬ ਵਿੱਚ ਚਿੱਟੀ ਕ੍ਰਾਂਤੀ ਵਜੋਂ ਮੰਨਿਆ ਜਾਂਦਾ ਸੀ, ਜਦੋਂ ਸੂਬੇ ਦਾ ਨਾਂਅ ਦੁੱਧ ਉਤਪਾਦਨ ਵਿੱਚ ਦੇਸ਼ ਦੇ ਮੂਹਰਲੇ ਰਾਜਾਂ ਵਿੱਚ ਆਉਣ ਲੱਗਾ ਸੀ, ਪਰ ਹੁਣ 21ਵੀਂ ਪਸ਼ੂ ਜਨਗਣਨਾ (2024-25) ਦੇ ਸ਼ੁਰੂਆਤੀ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਵਿੱਚ ਗਾਵਾਂ ਦੀ ਗਿਣਤੀ 2.32 ਲੱਖ ਘੱਟ ਗਈ ਹੈ, ਜਦੋਂ ਕਿ ਮੱਝਾਂ ਦੀ ਗਿਣਤੀ 5.22 ਲੱਖ ਘਟੀ ਹੈ । ਪਿਛਲੇ ਤਿੰਨ ਦਹਾਕਿਆਂ ਵਿੱਚ ਇਨ੍ਹਾਂ ਦੋਵਾਂ ਜਾਨਵਰਾਂ ਦੀ ਕੁੱਲ ਗਿਣਤੀ ਵਿੱਚ ਲਗਭਗ 31 ਫੀਸਦੀ ਦੀ ਕਮੀ ਆਈ ਹੈ, ਪਰ ਇਸ ਦੇ ਨਾਲ ਹੀ ਨਕਲੀ ਦੁੱਧ ਦੇ ਉਤਪਾਦਨ ਵਿੱਚ ਵਾਧਾ ਹੋਣਾ ਵੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ । ਦੂਜੇ ਪਾਸੇ, ਇਸ ਦੌਰ ਦੌਰਾਨ ਪੋਲਟਰੀ ਦੇ ਧੰਦੇ ਵਿੱਚ ਤਰੱਕੀ ਨਜ਼ਰ ਆਉਣ ਲੱਗੀ ਹੈ । ਸਾਲ 2019 ਵਿੱਚ ਪੰਜਾਬ ਵਿੱਚ 1.76 ਕਰੋੜ ਪੋਲਟਰੀ ਸੀ, ਜੋ ਹੁਣ ਵੱਧ ਕੇ 3.57 ਕਰੋੜ ਤੱਕ ਪਹੁੰਚ ਗਈ ਹੈ । ਇਹ ਲਗਭਗ ਦੁੱਗਣਾ ਵਾਧਾ ਹੈ, ਜੋ ਦਰਸਾਉਂਦਾ ਹੈ ਕਿ ਕਿਸਾਨ ਹੁਣ ਪੋਲਟਰੀ ਖੇਤੀ ਨੂੰ ਆਮਦਨ ਦੇ ਵੱਡੇ ਸਰੋਤ ਵਜੋਂ ਅਪਨਾ ਰਹੇ ਹਨ । ਇਸ ਤੋਂ ਇਲਾਵਾ ਬੱਕਰੀਆਂ ਦੀ ਗਿਣਤੀ ਵਿੱਚ ਲਗਭਗ 21 ਹਜ਼ਾਰ ਦਾ ਵਾਧਾ ਹੋਇਆ ਹੈ, ਜਿਨ੍ਹਾਂ ਦੀ ਪੰਜਾਬ ਵਿੱਚ ਗਿਣਤੀ ਤਕਰੀਬਨ 4.47 ਲੱਖ ਦੇ ਕਰੀਬ ਹੈ । ਛੋਟੇ ਕਿਸਾਨਾਂ ਵੱਲੋਂ ਬੱਕਰੀ ਪਾਲਣ ਨੂੰ ਵਧੀਆ ਆਮਦਨ ਸਰੋਤ ਵਜੋਂ ਅਪਣਾਉਣ ਕਾਰਨ ਇਹ ਵਾਧਾ ਸਾਹਮਣੇ ਆਇਆ ਹੈ । ਇਸ ਤਰ੍ਹਾਂ ਭੇਡਾਂ ਦੀ ਗਿਣਤੀ ਵਿੱਚ ਵੀ ਲਗਭਗ 1 ਲੱਖ ਦਾ ਵਾਧਾ ਦਰਜ ਕੀਤਾ ਗਿਆ ਹੈ । ਪੰਜਾਬ ਦੇ ਬਠਿੰਡਾ, ਮਾਨਸਾ ਅਤੇ ਫਾਜ਼ਿਲਕਾ ਵਰਗੇ ਖੇਤਰਾਂ ਵਿੱਚ ਭੇਡਾਂ ਪਾਲਣ ਵੱਲ ਕਿਸਾਨਾਂ ਦਾ ਰੁਝਾਨ ਵਧਿਆ ਹੈ । ਇਸ ਦੇ ਨਾਲ ਹੀ ਘੋੜਿਆਂ ਦੀ ਗਿਣਤੀ ਵੀ ਵਧੀ ਹੈ । ਇੱਥੇ ਹੀ ਬੱਸ ਨਹੀਂ, ਲੋਕਾਂ ਵੱਲੋਂ ਕੁੱਤੇ ਪਾਲਣ ਦੇ ਧੰਦੇ ਨੂੰ ਵਪਾਰਕ ਤੌਰ 'ਤੇ ਅਪਣਾਉਣ ਤੋਂ ਬਾਅਦ ਇਨ੍ਹਾਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ ਹੈ । ਮਾਹਿਰ ਮੰਨਦੇ ਹਨ ਕਿ ਜਿੱਥੇ ਇੱਕ ਪਾਸੇ ਗਾਵਾਂ ਅਤੇ ਮੱਝਾਂ ਦੀ ਘਟਦੀ ਗਿਣਤੀ ਚਿੰਤਾ ਦਾ ਵਿਸ਼ਾ ਹੈ, ਉੱਥੇ ਹੀ ਦੂਜੇ ਪਾਸੇ ਪੋਲਟਰੀ, ਬੱਕਰੀ ਅਤੇ ਭੇਡਾਂ ਪਾਲਣ ਵਰਗੇ ਵਿਕਲਪ ਕਿਸਾਨਾਂ ਨੂੰ ਨਵੇਂ ਆਰਥਿਕ ਮੌਕੇ ਦੇ ਰਹੇ ਹਨ ।

# ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਦੀ ਕਰੀਏ ਤਿਆਰੀ






ਡਾ. ਰਣਜੀਤ ਸਿੰਘ


ਇਸ ਵਾਰ ਬਾਰਸ਼ ਵੀ ਵਾਧੂ ਹੋਈ ਅਤੇ ਹੜ੍ਹਾਂ ਨੇ ਵੀ ਭਾਰੀ ਨੁਕਸਾਨ ਕੀਤਾ। ਪਰ ਸਦਕੇ ਜਾਈਏ ਪੰਜਾਬੀਆਂ ਦੇ ਜਿਨ੍ਹਾਂ ਦੁਖ ਦੀ ਇਸ ਘੜੀ ਵਿੱਚ ਆਪਣੇ ਭਰਾਵਾਂ ਦੀ ਬਾਂਹ ਫੜ੍ਹੀ ਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਪੂਰੀ ਸਹਾਇਤਾ ਕੀਤੀ ਅਤੇ ਕਿਸੇ ਨੂੰ ਭੁੱਖਾ ਨਹੀਂ ਸੌਣ ਦਿੱਤਾ। ਹੁਣ ਅਗਲੀ ਸਮੱਸਿਆ ਹਾੜ੍ਹੀ ਦੀ ਬਿਜਾਈ ਹੈ। ਖੇਤਾਂ ਵਿੱਚ ਰੇਤ ਭਰ ਗਈ ਹੈ ਤੇ ਉਨ੍ਹਾਂ ਨੂੰ ਵਾਹੀ ਯੋਗ ਬਣਾਉਣਾ ਹੈ। ਕਣਕ ਦਾ ਬੀਜ ਵੀ ਖ਼ਰਾਬ ਹੋ ਗਿਆ ਹੋਵੇਗਾ। ਆਵੋ ਫਿਰ ਆਪਣੇ ਭਰਾਵਾਂ ਦੀ ਬਾਂਹ ਫੜੀਏ ਤੇ ਹਾੜ੍ਹੀ ਦੀ ਬਿਜਾਈ ਵਿੱਚ ਉਨ੍ਹਾਂ ਦੀ ਸਹਾਇਤਾ ਕਰੀਏ।

ਮੌਸਮ ਬੇਭਰੋਸਗੀ ਦਾ ਚਲ ਰਿਹਾ ਹੈ। ਇਸੇ ਕਰਕੇ ਮੀਂਹ ਦਾ ਹਰ ਵੇਲੇ ਡਰ ਬਣਿਆ ਰਹਿੰਦਾ ਹੈ। ਮੌਸਮ ਬਾਰੇ ਭਵਿੱਖਬਾਣੀ ਜ਼ਰੂਰ ਪੜ੍ਹਿਆ ਕਰੋ ਤੇ ਉਸੇ ਅਨੁਸਾਰ ਆਪਣੀਆਂ ਫ਼ਸਲਾਂ ਦਾ ਪ੍ਰਬੰਧ ਕੀਤਾ ਜਾਵੇ। ਹੁਣ ਮੌਸਮ ਵਿੱਚ ਬਦਲਾਵ ਆ ਗਿਆ ਹੈ। ਬਰਸਾਤ ਅਤੇ ਗਰਮੀ ਦਾ ਜ਼ੋਰ ਘੱਟ ਗਿਆ ਹੈ। ਰਾਤਾਂ ਠੰਡੀਆਂ ਹੋ ਗਈਆਂ ਹਨ। ਇਸੇ ਕਰਕੇ ਆਖਿਆ ਜਾਂਦਾ ਹੈ ਆਸੂ ਮਾਹ ਨਿਰਾਲੇ ਦਿਨੇ ਧੁੱਪ ਤੇ ਰਾਤੀਂ ਪਾਲੇ। ਕਿਸਾਨਾਂ ਕੋਲ ਇਨ੍ਹਾਂ ਦਿਨਾਂ ਵਿੱਚ ਕੁਝ ਵਿਹਲ ਹੁੰਦੀ ਹੈ। ਮਹੀਨੇ ਦੇ ਅਖ਼ੀਰ ਵਿੱਚ ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਸ਼ੁਰੂ ਹੋ ਜਾਣੀ ਹੈ। ਇਸ ਕਰਕੇ ਇਸ ਵਿਹਲ ਦੀ ਵਰਤੋਂ ਹਾੜ੍ਹੀ ਦੀਆਂ ਫ਼ਸਲਾਂ ਦੀ ਵਿਉਂਤਬੰਦੀ ਕਰਨ ਲਈ ਕਰਨੀ ਚਾਹੀਦੀ ਹੈ। ਮੌਸਮੀ ਤਬਦੀਲੀਆਂ ਅਤੇ ਮੰਡੀ ਦੀਆਂ ਮੁਸ਼ਕਿਲਾਂ ਨੂੰ ਦੇਖਦਿਆਂ ਹੋਇਆਂ ਕੇਵਲ ਇਕ ਹੀ ਫ਼ਸਲ ਦੀ ਬਿਜਾਈ ਨਾ ਕੀਤੀ ਜਾਵੇ ਸਗੋਂ ਫ਼ਸਲਾਂ ਵਿੱਚ ਕੁਝ ਵਖਰੇਵਾਂ ਕੀਤਾ ਜਾਵੇ। ਕਣਕ ਦੇ ਨਾਲੋਂ-ਨਾਲ ਕੁਝ ਰਕਬੇ ਵਿੱਚ ਸਬਜ਼ੀਆਂ, ਹਰਾ ਚਾਰਾ, ਦਾਲਾਂ ਤੇ ਤੇਲ ਬੀਜਾਂ ਦੀ ਵੀ ਕਾਸ਼ਤ ਕੀਤੀ ਜਾਵੇ। ਇਸ ਦੇ ਨਾਲ ਹੀ ਫ਼ਸਲਾਂ ਦੀਆਂ ਬੀਜਣ ਵਾਲੀਆਂ ਕਿਸਮਾਂ ਦਾ ਫ਼ੈਸਲਾ ਵੀ ਹੁਣ ਕਰ ਲੈਣਾ ਚਾਹੀਦਾ ਹੈ। ਇੰਝ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਤੁਸੀਂ ਕਿਹੜੀ ਫ਼ਸਲ ਹੇਠ ਕਿਤਨਾ ਰਕਬਾ ਬੀਜਣਾ ਹੈ। ਉਸੇ ਅਨੁਸਾਰ ਬੀਜ ਤੇ ਖਾਦ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਫ਼ਸਲਾਂ ਦੀਆਂ ਪੰਜਾਬ ਵਿੱਚ ਕਾਸ਼ਤ ਲਈ ਸਿਫ਼ਾਰਸ਼ ਕੀਤੀਆਂ ਕਿਸਮਾਂ ਹੀ ਬੀਜੀਆਂ ਜਾਣ। ਦੁਕਾਨਦਾਰਾਂ ਦੇ ਆਖੇ ਗੈਰ-ਪ੍ਰਮਾਣਿਤ ਕਿਸਮਾਂ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਾਰੀਆਂ ਕਿਸਮਾਂ ਦੀ ਪੂਰੀ ਤਰ੍ਹਾਂ ਪਰਖ ਕਰਕੇ ਹੀ ਕਾਸ਼ਤ ਲਈ ਉਨ੍ਹਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਵੇਲੇ ਸਿਰ ਬੀਜੀਆਂ ਸਾਉਣੀ ਦੀਆਂ ਫ਼ਸਲਾਂ ਇਸ ਮਹੀਨੇ ਪੱਕਣ ਲੱਗਦੀਆਂ ਹਨ ਤੇ ਕਟਾਈ ਸ਼ੁਰੂ ਹੋ ਜਾਂਦੀ ਹੈ। ਜੇਕਰ ਮੀਂਹ ਨਹੀਂ ਪਿਆ ਤਾਂ ਫ਼ਸਲ ਨੂੰ ਆਖ਼ਰੀ ਪਾਣੀ ਕਟਾਈ ਤੋਂ ਕੋਈ 15 ਦਿਨ ਪਹਿਲਾਂ ਦੇ ਦੇਣਾ ਚਾਹੀਦਾ ਹੈ। ਫ਼ਸਲਾਂ ਦੀ ਕਟਾਈ ਤੇ ਗਹਾਈ ਸਮੇਂ ਸਿਰ ਕਰੋ ਤਾਂ ਜੋ ਇਨ੍ਹਾਂ ਦਾ ਨੁਕਸਾਨ ਨਾ ਹੋ ਸਕੇ।

ਜੇਕਰ ਕੋਈ ਖੇਤ ਵਿਹਲਾ ਹੈ ਤਾਂ ਉਥੇ ਤੋਰੀਆ ਬੀਜਿਆ ਜਾ ਸਕਦਾ ਹੈ। ਸਾਡੇ ਦੇਸ਼ ਵਿੱਚ ਤੇਲ ਬੀਜਾਂ ਦੀ ਬਹੁਤ ਘਾਟ ਹੈ। ਇਸ ਕਰਕੇ ਇਨ੍ਹਾਂ ਦੀ ਵਿਕਰੀ ਵਿੱਚ ਵੀ ਕੋਈ ਪ੍ਰੇਸ਼ਾਨੀ ਨਹੀਂ ਆਉਂਦੀ। ਤੋਰੀਆ ਕੇਵਲ ਤਿੰਨ ਮਹੀਨਿਆਂ ਦੀ ਫ਼ਸਲ ਹੈ ਤੇ ਇੱਕ ਏਕੜ ਵਿੱਚੋਂ ਪੰਜ ਕੁਇੰਟਲ ਤੋਂ ਵੱਧ ਝਾੜ ਪ੍ਰਾਪਤ ਹੋ ਜਾਂਦਾ ਹੈ। ਇਸ ਪਿੱਛੋਂ ਖੇਤ ਵਿੱਚ ਪਿਆਜ਼, ਆਲੂ ਜਾਂ ਸੂਰਜਮੁਖੀ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਦੇ ਵਿੱਚ ਗੋਭੀ ਸਰ੍ਹੋਂ ਨੂੰ ਰਲਾ ਕੇ ਵੀ ਬੀਜਿਆ ਜਾ ਸਕਦਾ ਹੈ। ਤੋਰੀਆ ਦਸੰਬਰ ਵਿੱਚ ਕੱਟ ਲਿਆ ਜਾਂਦਾ ਹੈ ਜਦੋਂ ਕਿ ਸਰ੍ਹੋਂ ਮਾਰਚ ਵਿਚ ਪੱਕਦੀ ਹੈ। ਖੇਤ ਵਿੱਚ ਇੱਕ ਲਾਈਨ ਤੋਰੀਆ ਤੇ ਇੱਕ ਲਾਈਨ ਗੋਭੀ ਸਰ੍ਹੋਂ ਦੀ ਬੀਜੀ ਜਾ ਸਕਦੀ ਹੈ। ਗੋਭੀ ਸਰ੍ਹੋਂ ਤੋਂ ਪੂਰਾ ਝਾੜ ਭਾਵ ਅੱਠ ਕੁਇੰਟਲ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ। ਟੀ.ਐੱਲ. 17 ਅਤੇ ਟੀ.ਐੱਲ. 15 ਸਿਫ਼ਾਰਸ਼ ਕੀਤੀਆਂ ਤੋਰੀਏ ਦੀਆਂ ਕਿਸਮਾਂ ਹਨ। ਜੀ. ਪੀ. ਐੱਸ. ਐੱਚ.-1707, ਜੀ. ਐੱਸ. ਸੀ.-7, ਜੀ. ਐੱਸ. ਸੀ.-6, ਹਾਇਓਲਾ ਪੀ. ਏ. ਸੀ.-401 ਅਤੇ ਜੀ. ਐੱਸ. ਐੱਲ.-2 ਗੋਭੀ ਸਰ੍ਹੋਂ ਦੀਆਂ ਕਿਸਮਾਂ ਹਨ। ਸਭ ਤੋਂ ਵੱਧ ਝਾੜ ਜੀ. ਐੱਸ. ਸੀ.-7 ਦਾ ਕੋਈ 9 ਕੁਇੰਟਲ ਪ੍ਰਤੀ ਏਕੜ ਹੈ। ਰਲਵੀਂ ਫ਼ਸਲ ਲਈ ਦੋਵਾਂ ਦਾ ਕਿਲੋ ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ। ਜਦੋਂ ਕਿ ਨਿਰੋਲ ਫ਼ਸਲ ਲਈ 1½ ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ।

ਸਰਦੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ ਦਾ ਹੁਣ ਮੌਸਮ ਚੱਲ ਰਿਹਾ ਹੈ। ਫ਼ਲ ਗੋਭੀ ਦੀ ਪਨੀਰੀ ਪੁਟ ਕੇ ਖੇਤ ਵਿੱਚ ਲਗਾਉਣ ਦਾ ਇਹ ਢੁੱਕਵਾਂ ਸਮਾਂ



ਹੈ। ਇਸੇ ਤਰ੍ਹਾਂ ਬੰਦਗੋਭੀ ਦੀ ਪਨੀਰੀ ਵੀ ਹੁਣ ਲਗਾ ਦੇਣੀ ਚਾਹੀਦੀ ਹੈ। ਗਾਜਰ, ਮੂਲੀ ਤੇ ਸ਼ਲਗਮ ਦੀ ਅਗੇਤੀ ਬਿਜਾਈ ਲਈ ਵੀ ਢੁਕਵਾਂ ਸਮਾਂ ਹੈ। ਪੀ ਸੀ-161 ਪੰਜਾਬ ਕੈਰਟ ਰੈੱਡ, ਪੰਜਾਬ ਬਲੈਕ ਬਿਊਟੀ ਅਤੇ ਪੀ.ਸੀ.-34 ਗਾਜਰ ਦੀਆਂ ਉੱਨਤ ਕਿਸਮਾਂ ਹਨ। ਐੱਲ-1 ਸ਼ਲਗਮ ਦੀ ਸਿਫ਼ਾਰਸ਼ ਕੀਤੀ ਕਿਸਮ ਹੈ। ਮੂਲੀ ਦੀਆਂ ਹੁਣ ਪੰਜਾਬ ਸਫ਼ੈਦ ਮੂਲੀ-2, ਪੰਜਾਬ



ਪਸੰਦ ਅਤੇ ਜਪਾਨੀ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਪਾਲਕ ਦੀ ਖੇਤੀ ਲਗਭਗ ਸਾਰਾ ਸਾਲ ਹੀ ਹੁੰਦੀ ਰਹਿੰਦੀ ਹੈ। ਨਵੀਂ ਬਿਜਾਈ ਹੁਣ ਕੀਤੀ ਜਾ ਸਕਦੀ ਹੈ। ਪੰਜਾਬ ਗਰੀਨ ਉੱਨਤ ਕਿਸਮ ਹੈ। ਇੱਕ ਏਕੜ ਲਈ ਕੋਈ ਪੰਜ ਕਿਲੋ ਬੀਜ ਚਾਹੀਦਾ ਹੈ।

ਅਗੇਤੀ ਮੱਕੀ ਤੇ ਦਾਲਾਂ ਨੇ ਪੱਕਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਦੀ ਸਮੇਂ ਸਿਰ ਸਾਂਭ ਸੰਭਾਲ ਜ਼ਰੂਰੀ ਹੈ। ਮੱਕੀ ਨੂੰ ਮੰਡੀ ਵਿਚ ਸੁਕਾ ਕੇ ਵੇਚਣਾ ਚਾਹੀਦਾ ਹੈ। ਅਜਿਹਾ ਕੀਤਿਆਂ ਵਿਕਰੀ ਛੇਤੀ ਹੋ ਜਾਂਦੀ ਹੈ। ਦਾਲਾਂ ਦੀ ਵਿਕਰੀ ਤਾਂ ਆਪ ਸਿੱਧੀ ਕਰਨ ਦਾ ਯਤਨ ਕੀਤਾ ਜਾਵੇ ਤਾਂ

ਬਾਕੀ ਸਫਾ 6 'ਤੇ


ਜੇਕਰ ਕੋਈ ਖੇਤ ਵਿਹਲਾ ਹੈ ਤਾਂ ਉੱਥੇ ਤੋਰੀਆ ਬੀਜਿਆ ਜਾ ਸਕਦਾ ਹੈ। ਸਾਡੇ ਦੇਸ਼ ਵਿੱਚ ਤੇਲ ਬੀਜਾਂ ਦੀ ਬਹੁਤ ਘਾਟ ਹੈ। ਇਸ ਕਰਕੇ ਇਨ੍ਹਾਂ ਦੀ ਵਿਕਰੀ ਵਿੱਚ ਵੀ ਕੋਈ ਪ੍ਰੇਸ਼ਾਨੀ ਨਹੀਂ ਆਉਂਦੀ। ਤੋਰੀਆ ਕੇਵਲ ਤਿੰਨ ਮਹੀਨਿਆਂ ਦੀ ਫ਼ਸਲ ਹੈ ਤੇ ਇੱਕ ਏਕੜ ਵਿੱਚੋਂ ਪੰਜ ਕੁਇੰਟਲ ਤੋਂ ਵੱਧ ਝਾੜ ਪ੍ਰਾਪਤ ਹੋ ਜਾਂਦਾ ਹੈ। ਇਸ ਪਿੱਛੋਂ ਖੇਤ ਵਿੱਚ ਪਿਆਜ਼, ਆਲੂ ਜਾਂ ਸੂਰਜਮੁਖੀ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਦੇ ਵਿੱਚ ਗੋਭੀ ਸਰ੍ਹੋਂ ਨੂੰ ਰਲਾ ਕੇ ਵੀ ਬੀਜਿਆ ਜਾ ਸਕਦਾ ਹੈ।







# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 40
ਮਿਤੀ 04-10-2025

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਬੈਂਗਣ, ਭਿੰਡੀ ਤੇ ਮਿਰਚਾਂ ਦੇ ਕੀੜਿਆਂ ਤੇ ਬਿਮਾਰੀਆਂ ਦੀ ਰੋਕਥਾਮ


ਮਨਪ੍ਰੀਤ ਸਿੰਘ, ਸਬਜ਼ੀ ਵਿਗਿਆਨ ਵਿਭਾਗ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ


## ਬੈਂਗਣ

**ਫ਼ਲ ਤੇ ਲਗਰਾਂ ਦੀ ਸੁੰਡੀ** : ਇਸ ਦੇ ਹਮਲੇ ਕਾਰਨ ਲਗਰਾਂ ਕੁਮਲਾ ਕੇ ਹੇਠਾਂ ਨੂੰ ਡਿੱਗ ਪੈਂਦੀਆਂ ਹਨ । ਇਹ ਸੁੰਡੀ ਫੁੱਲਾਂ ਅਤੇ ਬੈਂਗਣਾਂ ਦੇ ਫ਼ਲਾਂ 'ਤੇ ਵੀ ਹਮਲਾ ਕਰ ਕੇ ਉਨ੍ਹਾਂ ਨੂੰ ਕਾਣੇ ਕਰ ਦਿੰਦੀ



ਹੈ । ਜਿਵੇਂ ਹੀ ਸੁੰਡੀ ਦਾ ਹਮਲਾ ਸ਼ੁਰੂ ਹੋਵੇ ਤਾਂ 100-125 ਲਿਟਰ ਪਾਣੀ ਵਿੱਚ 80 ਮਿਲੀਲੀਟਰ ਕੋਰਾਜਨ 18.5 ਐਸ.ਸੀ. (ਕਲੋਰਐਂਟਰਾਨੀਲੀਪ੍ਰੋਲ) ਜਾਂ 80 ਗ੍ਰਾਮ ਪ੍ਰੋਕਲੇਮ 5 ਐਸ.ਜੀ. (ਐਮਾਮੈਕਟਿਨਬੈਂਜ਼ੋਏਟ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈ.ਸੀ. (ਫੈਨਵਲਰੇਟ) ਜਾਂ 200 ਮਿਲੀਲਿਟਰ ਰਿਪਕਾਰਡ 10 ਈ.ਸੀ. (ਸਾਈਪਰਮੈਥਰਿਨ) ਜਾਂ 160 ਮਿਲੀਲਿਟਰ ਡੈਸਿਸ 2.8 ਈ.ਸੀ. (ਡੈਲਟਾਮੈਥਰਿਨ) ਦੇ 3-4 ਛਿੜਕਾਅ 14 ਦਿਨ ਦੇ ਵਕਫ਼ੇ 'ਤੇ ਕਰੋ । ਇੱਕੋ ਗਰੁੱਪ ਦੀਆਂ ਰਸਾਇਣਾਂ ਵਾਰ-ਵਾਰ ਨਹੀਂ ਵਰਤਣੀਆਂ ਚਾਹੀਦੀਆਂ । ਪ੍ਰੋਕਲੇਮ ਦੇ ਛਿੜਕਾਅ ਤੋਂ ਬਾਅਦ 3 ਦਿਨ ਅਤੇ ਕੋਰਾਜ਼ਨ ਦੇ ਛਿੜਕਾਅ ਤੋਂ ਬਾਅਦ 7 ਦਿਨ ਤੱਕ ਫ਼ਲ ਨਾ ਤੋੜੋ ।

**ਚਿੱਟੀ ਮੱਖੀ** : ਚਿੱਟੀ ਮੱਖੀ ਦੇ ਬਾਲਗ ਅਤੇ ਬੱਚੇ ਪੱਤਿਆਂ ਦੇ ਹੇਠਲੇ ਪਾਸੇਂ ਰਸ ਚੂਸਦੇ ਹਨ, ਜਿਸ ਕਾਰਨ ਪੱਤਿਆਂ 'ਤੇ ਪੀਲੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਬੂਟੇ ਕੁਮਲਾ ਜਾਂਦੇ ਹਨ । ਪੱਤਿਆਂ 'ਤੇ ਕਾਲੇ ਰੰਗ ਦੀ ਉੱਲੀ ਲੱਗ ਜਾਂਦੀ ਹੈ, ਜਿਸ ਨਾਲ ਪੱਤੇ ਦੀ ਭੋਜਨ ਬਣਾਉਣ ਦੀ ਤਾਕਤ ਘੱਟ ਜਾਂਦੀ ਹੈ । ਬੈਂਗਣ 'ਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਇਕਨਾਮਿਕ ਥਰੈਸ਼ਹੋਲਡ (ਆਰਥਿਕ ਕਗਾਰ) ਦਾ ਜਦੋਂ ਬਾਲਗ ਪ੍ਰਤੀ ਪੱਤਾ ਹੋ ਜਾਵੇ ਤਾਂ ਛਿੜਕਾਅ ਕਰਨਾ ਚਾਹੀਦਾ ਹੈ । ਸ਼ੁਰੂਆਤੀ ਹਮਲੇ ਵਿੱਚ ਇੱਕ ਤੋਂ ਦੋ ਛਿੜਕਾਅ 1200 ਮਿਲੀਲਿਟਰ ਪੀ.ਏ.ਯੂ. ਨਿੰਮ ਦਾ ਘੋਲ ਜਾਂ 1500 ਮਿਲੀਲਿਟਰ ਮੱਕੀ/ਚਰੀ/ ਬਾਜਰੇ ਦਾ ਰਸ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ । ਜ਼ਿਆਦਾ ਹਮਲਾ ਹੋਣ ਦੀ ਸੂਰਤ ਵਿੱਚ 200 ਗ੍ਰਾਮ ਪੈਗਾਸਸ 50 ਡਬਲਯੂ.ਪੀ. (ਡਾਇਫੈਨਥੀਯੂਰੋਨ) ਪ੍ਰਤੀ ਏਕੜ ਦੇ ਹਿਸਾਬ ਨਾਲ 100-125 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਪੈਗਾਸਸ 50 ਡਬਲਯੂ.ਪੀ.ਏ. ਦੇ ਛਿੜਕਾਅ ਤੋਂ ਬਾਅਦ ਇੱਕ ਦਿਨ ਤੱਕ ਫ਼ਲ ਨਾ ਤੋੜੋ ।

**ਹੱਡਾ ਭੂੰਡੀ** : ਇਸ ਕੀੜੇ ਦੇ ਬਾਲਗ ਅਤੇ ਬੱਚੇ ਪੱਤੇ ਨੂੰ ਖੁਰਚ ਕੇ ਖਾ ਜਾਂਦੇ ਹਨ, ਜੋ ਬਾਅਦ ਵਿੱਚ ਸੁੱਕ ਕੇ ਡਿੱਗ ਜਾਂਦੇ ਹਨ । ਹਮਲੇ ਵਾਲੇ ਪੱਤੇ ਕੀੜੇ ਦੇ ਬਾਲਗ ਅਤੇ ਬੱਚਿਆਂ ਸਮੇਤ ਤੋੜ ਕੇ ਨਸ਼ਟ ਕਰ ਦਿਓ ।

## ਭਿੰਡੀ

**ਚਿਤਕਬਰੀ ਸੁੰਡੀ** : ਇਹ ਸੁੰਡੀ ਮਈ ਤੋਂ ਸਤੰਬਰ ਦੇ ਮਹੀਨੇ ਹਮਲਾ ਕਰਦੀ ਹੈ, ਜਿਸ ਕਾਰਨ ਲਗਰਾਂ ਕੁਮਲਾ ਜਾਂਦੀਆਂ ਹਨ ਅਤੇ ਸੁੱਕ ਦੇ ਡਿੱਗ ਪੈਂਦੀਆਂ ਹਨ । ਸੁੰਡੀ ਫ਼ਲਾਂ 'ਤੇ ਹਮਲਾ ਕਰ ਕੇ ਉਨ੍ਹਾਂ ਵਿੱਚ ਮੋਰੀਆਂ ਕਰ ਦਿੰਦੀ ਹੈ । ਜਦੋਂ



ਆਰਥਿਕ ਕਗਾਰ ਇੱਕ ਫ਼ੀਸਦੀ ਤੋਂ ਵੱਧ ਕਾਣੇ ਫ਼ਲ ਹੋ ਜਾਣ ਤਾਂ ਕਿਸੇ ਇੱਕ ਕੀਟਨਾਸ਼ਕ ਦਾ ਛਿੜਕਾਅ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਕਰੋ- 50 ਮਿਲੀਲਿਟਰ ਕੋਰਾਸਨ 18.5 ਐਸਸੀ. (ਕਲੋਰਐਂਟਰਾ-ਨੀਲੀਪਰੋਲ) ਜਾਂ 200 ਮਿਲੀਲਿਟਰ ਸੁਮੀਪਲੀਓ 10 ਈਸੀ. (ਪਰਿਫਾਲਾਈਲ) ਜਾਂ 70 ਗ੍ਰਾਮ ਪ੍ਰੋਕਲੇਮ 5 ਐਸਜੀ. (ਐਮਾਮੈਕਟਿਨਬੈਂਜ਼ੋਏਟ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈਸੀ. (ਫੈਨਵੈਲਰੇਟ) ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫ਼ਲ ਤੋੜ ਲਓ । ਮੁੱਢੀ ਕਪਾਹ ਅਤੇ ਹੌਲੀਹੌਕ ਦੇ ਉੱਗੇ ਬੂਟੇ ਪੁੱਟ ਦਿਓ ਕਿਉਂਕਿ ਇਹ ਕੀੜਾ ਇਸ ਬੂਟੇ 'ਤੇ ਰਹਿੰਦਾ ਹੈ । ਹਮਲੇ ਵਾਲੇ ਫ਼ਲ ਲਗਾਤਾਰ ਤੋੜ ਕੇ ਜ਼ਮੀਨ ਵਿੱਚ ਡੂੰਘੇ ਦੱਬ ਦਿਓ ।

**ਤੇਲਾ (ਜੈਸਿਡ)** : ਇਹ ਕੀੜਾ ਭਿੰਡੀ ਦੀ ਫ਼ਸਲ 'ਤੇ ਮਈ ਤੋਂ ਸਤੰਬਰ ਤੱਕ ਹਮਲਾ ਕਰਦੇ ਹਨ । ਇਸ ਦੇ ਬਾਲਗ ਤੇ ਬੱਚੇ ਪੱਤਿਆਂ ਦਾ ਰਸ ਚੂਸਦੇ ਹਨ, ਜਿਸ ਕਾਰਨ ਪੱਤੇ ਕਿਨਾਰਿਆਂ ਤੋਂ ਪੀਲੇ ਹੋ ਜਾਂਦੇ ਹਨ ਅਤੇ ਉੱਪਰ ਵੱਲ ਮੁੜ ਕੇ ਠੂਠੀ ਬਣ ਜਾਂਦੇ ਹਨ, ਜੋ ਬਾਅਦ ਵਿੱਚ ਸੁੱਕ ਕੇ ਡਿੱਗ ਜਾਂਦੇ ਹਨ । ਇਸ ਕੀੜੇ ਦੀ ਰੋਕਥਾਮ ਲਈ ਆਰਥਿਕ ਕਗਾਰ ਜਦੋਂ 4 ਬੱਚੇ ਪ੍ਰਤੀ ਪੱਤਾ ਹੋ ਜਾਵੇ ਤਾਂ ਹੇਠ ਦੱਸੇ ਕਿਸੇ ਇੱਕ ਕੀਟਨਾਸ਼ਕ ਦਾ ਛਿੜਕਾਅ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਕਰੋ- 80 ਮਿਲੀਲਿਟਰ ਇਕੋਟਿਨ 5% (ਨਿੰਮ ਆਧਾਰਿਤ ਕੀਟਨਾਸ਼ਕ) ਜਾਂ 2000 ਮਿਲੀਲਿਟਰ ਪੀ.ਏ.ਯੂ. ਨਿੰਮ ਦਾ ਘੋਲ । ਜੇ ਹਮਲਾ ਵੱਧ ਹੋਵੇ ਤਾਂ 40 ਮਿਲੀਲਿਟਰ ਕਾਨਫੀਡੋਰ 17.6 ਐਸ ਐਲ (ਇਮੀਡਾਕਲੋਪਰਿਡ) ਜਾਂ 40 ਗ੍ਰਾਮ ਐਕਟਾਰਾ 25 ਡਬਲਯੂ. ਜੀ. (ਥਾਇਆਮੈਥੋਕਸਮ) ਜਾਂ 560 ਮਿਲੀਲਿਟਰ ਮੈਲਾਥੀਆਨ 50 ਈ.ਸੀ. ਜਾਂ 100 ਮਿਲੀਲਿਟਰ ਸੁਮੀਸੀਡੀਨ 20 ਮਿਲੀਲਿਟਰ ਸਲਰਟ ਦਾ ਛਿੜਕਾਅ ਕਰੋ । ਪੀ.ਏ.ਯੂ. ਨਿੰਮ ਦਾ ਘੋਲ ਤਿਆਰ ਕਰਨ ਲਈ ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਤੇ ਨਿੰਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ । ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੇ ਸਿਫ਼ਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ ।

**ਚਿੱਟੀ ਮੱਖੀ** : ਚਿੱਟੀ ਮੱਖੀ ਦੇ ਕਾਰਨ ਦੇ ਬਾਲਗ ਤੇ ਬੱਚੇ ਭਿੰਡੀ ਦੇ ਪੱਤਿਆਂ ਦਾ ਰਸ ਚੂਸਦੇ ਹਨ । ਜੁਲਾਈ ਤੋਂ ਸਤੰਬਰ ਦੇ ਮਹੀਨੇ ਇਸ ਕੀੜੇ ਦਾ ਹਮਲਾ



ਵਧੇਰੇ ਹੁੰਦਾ ਹੈ । 80 ਮਿਲੀਲਿਟਰ ਇਕੋਟਿਨ 5% (ਨਿੰਮ ਆਧਾਰਿਤ ਕੀਟਨਾਸ਼ਕ) ਜਾਂ 2000 ਮਿਲੀਲਿਟਰ ਪੀ.ਏ.ਯੂ. ਨਿੰਮ ਦੇ ਘੋਲ ਨੂੰ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਨਾਲ ਇਸ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫ਼ਲ ਤੋੜ ਲਓ । ਇਨ੍ਹਾਂ ਨਦੀਨਾਂ 'ਤੇ ਚਿੱਟੀ ਮੱਖੀ ਪਲਦੀ ਹੈ, ਉਨ੍ਹਾਂ ਨਦੀਨਾਂ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ ।

## ਮਿਰਚਾਂ

**ਫ਼ਲ ਦਾ ਗੰਡੂਆਂ** : ਇਹ ਹਾਨੀਕਾਰਕ ਕੀੜਾ ਕਈ ਫ਼ਸਲਾਂ ਦਾ ਨੁਕਸਾਨ ਕਰਦਾ ਹੈ ਜਿਵੇਂ ਕਿ ਟਮਾਟਰ, ਛੋਲੇ, ਬਰਸੀਮ ਆਦਿ । ਇਸ ਦੀਆਂ ਸੁੰਡੀਆਂ ਫ਼ਲ ਵਿੱਚ ਛੇਕ ਕਰ ਕੇ ਫ਼ਲ ਨਸ਼ਟ ਕਰ ਦਿੰਦੀਆਂ ਹਨ । ਕਾਣੇ ਫ਼ਲ ਤੋੜ ਕੇ ਜ਼ਮੀਨ ਵਿੱਚ ਦਬਾ ਦਿਓ । ਛਿੜਕਾਅ ਕਰਨ ਤੋਂ ਪਹਿਲਾਂ ਤਿਆਰ/ਪੱਕੇ ਫ਼ਲ ਤੋੜ ਲਓ । ਇਸ ਦੀ ਰੋਕਥਾਮ ਲਈ 50 ਮਿਲੀਲਿਟਰ ਕੋਰਾਜਨ 18.5 ਐਸਸੀ. (ਕਲੋਰਐਂਟਰਾਨੀਲੀਪਰੋਲ) ਜਾਂ 50 ਮਿਲੀਲਿਟਰ ਟਰੇਸਰ 45 ਐਸਸੀ (ਸਪਾਈਨੋਸੈਡ) ਜਾਂ 250 ਮਿਲੀਲਿਟਰ ਰੀਜੈਂਟ 5 ਐਸਸੀ (ਫਿਪਰੋਨਿਲ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਥ੍ਰਿਪ** : ਇਸ ਕੀੜੇ ਦੇ ਬੱਚੇ ਅਤੇ ਬਾਲਗ ਪੱਤਿਆਂ ਨੂੰ ਖੁਰਚ ਕੇ ਰਸ ਚੂਸਦੇ ਹਨ, ਜਿਸ ਕਾਰਨ ਬੂਟਿਆਂ ਦੇ ਵਾਧੇ 'ਤੇ ਅਸਰ ਪੈਂਦਾ ਹੈ । ਰੋਕਥਾਮ ਲਈ 250 ਮਿਲੀਲਿਟਰ ਰੀਜੈਂਟ 5 ਐਸਸੀ (ਫਪਰੋਨਿਲ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਚਿੱਟੀ ਮੱਖੀ** : ਇਹ ਇੱਕ ਬਹੁ-ਫ਼ਸਲੀ ਕੀੜਾ ਹੈ । ਇਸ ਦੇ ਬੱਚੇ ਅਤੇ ਬਾਲਗ ਪੱਤਿਆਂ ਦੇ ਹੇਠਲੇ ਪਾਸੇਂ ਰਸ ਚੂਸਦੇ ਹਨ, ਜਿਸ ਕਾਰਨ ਫ਼ਲ ਘੱਟ ਲੱਗਦਾ ਹੈ । ਰੋਕਥਾਮ ਲਈ 160 ਮਿਲੀਲਿਟਰ ਪਾਈਰੀਪਰਾਕਸੀਫਿਨ 10 ਈਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਚੇਪਾ** : ਇਸ ਕੀੜੇ ਦੇ ਬਾਲਗ ਅਤੇ ਬੱਚੇ ਪੱਤਿਆਂ ਦਾ ਰਸ ਚੂਸਦੇ ਹਨ । ਬੂਟਿਆਂ ਦੇ ਟੂਸੇ ਕੁਮਲਾਅ ਜਾਂਦੇ ਹਨ ਅਤੇ ਝਾੜ ਘਟਦਾ ਹੈ । ਰੋਕਥਾਮ ਲਈ 250 ਮਿਲੀਲਿਟਰ ਰੀਜੈਂਟ 5 ਐਸਸੀ (ਫਿਪਰੋਨਿਲ) ਜਾਂ 160 ਮਿਲੀਲਿਟਰ ਪਾਈਰੀਪਰਾਕਸੀਫਿਨ 10 ਈਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨਾ ਚਾਹੀਦਾ ਹੈ ।

**ਸਾਉਣੀ ਦੀਆਂ ਅਲੱਗ-ਅਲੱਗ ਫ਼ਸਲਾਂ ਪਿੱਛੋਂ ਫ਼ਸਲ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਸਾਂਭ ਕੇ ਕਣਕ ਦੀ ਬਿਜਾਈ ਕਈ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ ।**





ਜਗਰੂਪ ਕੌਰ ਅਤੇ
ਸੁਰਜੀਤ ਸਿੰਘ ਮਿਨਹਾਸ,
ਫ਼ਸਲ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
(ਮੋ. 94639-91330)

# ਕਣਕ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਸੰਭਾਲੋ ਜ਼ਮੀਨ ਦੀ ਸਿਹਤ ਬਣਾਉ ਤੇ ਝਾੜ ਵਧਾਉ

**1. ਝੋਨੇ ਪਿੱਛੋਂ** : ਸੁਪਰ ਐਸ ਐਮ ਐਸ ਯੁਕਤ ਕੰਬਾਈਨ ਨਾਲ ਕੱਟੇ ਝੋਨੇ ਦੇ ਵੱਢ ਵਿੱਚ ਪਰਾਲੀ ਨੂੰ ਖੇਤ ਵਿੱਚ ਰੋਟਾਵੇਅਰ ਜਾਂ ਤਵੀਆਂ ਨਾਲ ਵਾਹ ਕੇ ਜਾਂ ਸਿੱਧਾ ਸੁਪਰ ਸੀਡਰ ਨਾਲ ਪਰਾਲੀ ਸਾਂਭ ਕੇ ਕਣਕ ਦੀ ਬਿਜਾਈ ਸਫ਼ਲਤਾਪੂਰਵਕ ਕੀਤੀ ਜਾ ਸਕਦੀ ਹੈ । ਹੈਪੀ ਸੀਡਰ ਜਾਂ ਸਰਫੇਸ ਸੀਡਿੰਗ ਤਕਨੀਕ ਨਾਲ ਵੀ ਬਿਨ੍ਹਾਂ ਪਰਾਲੀ ਵਾਹੇ ਜਾਂ ਸਾੜੇ ਕਣਕ ਦੀ ਬਿਜਾਈ ਸੰਭਵ ਹੋਣ ਨਾਲ ਰੱਖੀ ਪਰਾਲੀ ਤੋਂ ਲਾਹਾ ਲਿਆ ਜਾ ਸਕਦਾ ਹੈ ਅਤੇ ਖਰਚਾ ਵੀ ਘੱਟਦਾ ਹੈ । ਇਸ ਤੋਂ ਇਲਾਵਾ ਪੀ ਏ ਯੂ ਸਮਾਰਟ ਸੀਡਰ ਜੋ ਦੋਨਾਂ ਮਸ਼ੀਨਾਂ ਦਾ ਸੁਮੇਲ ਹੈ (ਸੁਪਰ ਸੀਡਰ ਅਤੇ ਹੈਪੀ ਸੀਡਰ) ਨਾਲ ਵੀ ਘੱਟ ਹਾਰਸ ਪਾਵਰ ਵਾਲੇ ਟਰੈਕਟਰ ਨਾਲ ਬਿਜਾਈ ਕੀਤੀ ਜਾ ਸਕਦੀ ਹੈ ਜਿਸ ਨਾਲ ਕਣਕ ਦੇ ਸਿਆੜ ਅੱਗੇ ਆਉਣ ਵਾਲੀ ਪਰਾਲੀ ਵਾਹੀ ਜਾਂਦੀ ਹੈ ਅਤੇ ਸਿਆੜਾਂ ਵਿਚਕਾਰਲੀ ਝੋਨੇ ਦੇ ਮੁੱਢ ਉਸੇ ਤਰ੍ਹਾਂ ਖੜ੍ਹੇ ਰਹਿੰਦੇ ਹਨ । ਕਣਕ ਦੇ ਸਹੀ ਜੰਮ ਲਈ ਬਿਜਾਈ ਤੋਂ ਪਹਿਲਾਂ ਖੇਤ ਵਿੱਚ ਪਈ ਖੁੱਲ੍ਹੀ ਪਰਾਲੀ ਇਕਸਾਰ ਖਿਲਰੀ ਹੋਵੇ ਅਤੇ ਮਸ਼ੀਨ ਚਲਾਉਣ ਵਾਲਾ ਡਰਾਈਵਰ ਤਜ਼ਰਬੇਕਾਰ





ਹੋਵੇ ।

**2. ਮੱਕੀ ਪਿੱਛੋਂ** : ਕਣਕ ਦੇ ਵੱਧ ਝਾੜ ਅਤੇ ਜ਼ਮੀਨ ਦੀ ਸਿਹਤ ਬਰਕਰਾਰ ਰੱਖਣ ਲਈ ਛੱਲੀਆਂ ਦੀ ਤੁੜਾਈ ਜਾਂ ਕੰਬਾਈਨ ਨਾਲ ਕਟਾਈ ਤੋਂ ਬਾਅਦ ਪੱਧਰੀ ਜਾਂ ਵੱਟਾਂ ਜਾਂ ਬੈਂਡਾਂ 'ਤੇ ਬੀਜੀ ਮੱਕੀ ਦੇ ਟਾਂਡਿਆਂ ਨੂੰ ਖੇਤ ਵਿੱਚ ਵਾਹੁਣ ਅਤੇ ਕਣਕ ਦੀ ਬਿਜਾਈ ਲਈ ਸੁਪਰ ਸੀਡਰ ਦੀ ਵਰਤੋਂ ਕੀਤੀ ਜਾ ਸਕਦੀ ਹੈ ।

**3. ਨਰਮੇ-ਕਪਾਹ ਪਿੱਛੋ** : ਟੀਡਿਆਂ ਦੀ ਆਖਰੀ ਚੁਗਾਈ ਤੋਂ ਬਾਅਦ, ਨਰਮੇ-ਕਪਾਹ ਦੀ ਰਹਿੰਦ-ਖੂੰਹਦ ਨੂੰ ਸੁਪਰ ਸੀਡਰ ਰਾਹੀਂ ਖੇਤ ਵਿੱਚ ਮਿਲਾਕੇ ਕਣਕ ਦੀ ਬਿਜਾਈ ਸਫ਼ਲਤਾਪੂਰਵਕ ਢੰਗ ਨਾਲ ਕੀਤੀ ਜਾ ਸਕਦੀ ਹੈ ਜਿਸ ਨਾਲ ਨਾ ਸਿਰਫ਼ ਕਣਕ ਦਾ ਝਾੜ ਵੱਧਦਾ ਹੈ ਸਗੋਂ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੁੰਦਾ ਹੈ ।

**ਫ਼ਸਲਾਂ ਦੀ ਰਹਿੰਦ-ਖੂੰਹਦ ਸਾਂਭੇ ਖੇਤਾਂ ਵਿੱਚ ਕਣਕ ਦੀ ਕਾਸ਼ਤ ਲਈ ਹੇਠ ਲਿਖੇ ਜ਼ਰੂਰੀ ਨੁਕਤੇ ਅਪਣਾ ਕੇ ਭਰਪੂਰ ਝਾੜ ਲੈ ਸਕਦੇ ਹਾਂ :**

**ਢੁਕਵੀਆਂ ਕਿਸਮਾਂ** : ਝੋਨੇ ਦੇ ਵੱਢ ਵਿੱਚ ਸੁਪਰ ਸੀਡਰ/ਹੈਪੀ ਸੀਡਰ ਨਾਲ ਬਿਜਾਈ ਲਈ ਪੀ ਬੀ ਡਬਲਯੂ 869 ਕਿਸਮ ਨੂੰ ਤਰਜੀਹ ਦੇਣੀ ਚਾਹੀਦੀ ਹੈ ਕਿਉਂਕਿ ਇਸਦੇ ਦਾਣੇ ਬਾਕੀ ਕਿਸਮਾਂ ਨਾਲੋਂ ਮੋਟੇ ਹਨ ਅਤੇ ਪਰਾਲੀ ਵਿੱਚੋਂ ਜਲਦੀ ਪੁੰਗਾਰਾ ਮਾਰਦੇ ਹਨ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਸਹੀ ਸਮੇਂ ਤੇ ਬੀਜੀਆਂ ਜਾਣ ਵਾਲੀਆਂ ਬਾਕੀ ਸਾਰੀਆਂ ਕਿਸਮਾਂ (ਪੀ ਬੀ ਡਬਲਯੂ 872, ਪੀ ਬੀ ਡਬਲਯੂ 826, ਪੀ ਬੀ ਡਬਲਯੂ 803, ਸੁਨਹਿਰੀ (ਪੀ ਬੀ ਡਬਲਯੂ 766), ਡੀ ਬੀ ਡਬਲਯੂ 222, ਡੀ ਬੀ ਫਬਲਯੂ 187, ਐੱਚ ਡੀ 3226, ਉੱਨਤ ਪੀ ਬੀ ਡਬਲਯੂ 343, ਉੱਨਤ ਪੀ ਬੀ ਡਬਲਯੂ 550, ਪੀ ਬੀ ਡਬਲਯੂ 725, ਪੀ ਬੀ ਡਬਲਯੂ 677 ਅਤੇ ਐਚ ਡੀ 3086) ਵੀ ਬਿਜਾਈ ਲਈ ਢੁੱਕਵੀਆਂ ਹਨ ।

**ਬਿਜਾਈ ਦਾ ਸਮਾਂ** : ਹੈਪੀ ਸੀਡਰ ਜਾਂ ਸੁਪਰ ਸੀਡਰ ਜਾਂ ਪੀ ਏ ਯੂ ਸਮਾਰਟ ਸੀਡਰ ਜਾਂ ਸਰਫੇਸ ਸੀਡਰ ਨਾਲ ਬਿਜਾਈ ਅਕਤੂਬਰ ਦੇ ਅਖੀਰਲੇ ਹਫ਼ਤੇ ਤੋਂ ਨਵੰਬਰ ਦੇ ਅਖੀਰਲੇ ਹਫ਼ਤੇ ਤੱਕ ਕਰ ਸਕਦੇ ਹਾਂ । ਪਰ ਜੇਕਰ ਝੋਨੇ ਦੀ ਫ਼ਸਲ ਵਿੱਚ ਗੁਲਾਬੀ ਸੁੰਡੀ ਜਾਂ ਸੈਨਿਕ ਸੁੰਡੀ ਦਾ ਹਮਲਾ ਹੋਵੇ ਤਾਂ ਕਣਕ ਦੀ ਬਿਜਾਈ ਅਕਤੂਬਰ ਵਿੱਚ ਨਾ ਕਰੋ ।

**ਬੀਜ ਦੀ ਮਾਤਰਾ** : ਹੈਪੀ ਸੀਡਰ ਜਾਂ ਸਰਫੇਸ ਸੀਡਿੰਗ ਨਾਲ ਕਣਕ ਦੀ ਬਿਜਾਈ ਲਈ 45 ਕਿਲੋ ਬੀਜ ਪ੍ਰਤੀ ਏਕੜ ਦੀ ਵਰਤੋਂ ਕਰੋ ਪਰ ਉੱਨਤ ਪੀ ਬੀ ਡਬਲਯੂ 550 ਕਿਸਮ ਲਈ 50 ਕਿਲੋ ਬੀਜ ਪ੍ਰਤੀ ਏਕੜ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਸੁਪਰ ਸੀਡਰ ਨਾਲ ਬਿਜਾਈ ਲਈ ਬੀਜ ਦੀ ਮਾਤਰਾ 40 ਕਿਲੋ ਪ੍ਰਤੀ ਏਕੜ ਹੀ ਰੱਖੋ ਪਰ ਪੀ ਬੀ ਡਬਲਯੂ 869 ਅਤੇ ਉੱਨਤ ਪੀ ਬੀ ਡਬਲਯੂ 550 ਕਿਸਮਾਂ ਦਾ 45 ਕਿਲੋ ਬੀਜ ਪ੍ਰਤੀ ਏਕੜ ਵਰਤੋਂ ।

**ਬੀਜ ਦੀ ਸੋਧ** : ਫ਼ਸਲਾਂ ਦੀ ਰਹਿੰਦ-ਖੂੰਹਦ ਵਾਲੇ ਖੇਤਾਂ ਵਿੱਚ ਸਿਉਂਕ ਦੇ ਨੁਕਸਾਨ ਤੋਂ ਬਚਾਅ ਲਈ ਬੀਜ ਦੀ ਸੋਧ (1 ਗ੍ਰਾਮ ਕਰੂਜ਼ਰ 70 ਡਬਲਯੂ ਐਸ (ਥਾਇਆਮੀਥੋਕਸਮ) ਜਾਂ 4 ਮਿਲੀਲਿਟਰ ਡਰਸਬਾਨ/ਰੂਬਾਨ/ਡਰਮੈਟ 20 ਈ ਸੀ (ਕਲੋਰਪਾਈਰੀਫਾਸ) ਜਾਂ 2 ਮਿਲੀਲਿਟਰ ਨਿਉਨਿਕਸ 20 ਐਫ ਐੱਸ (ਇਮਿਡਾਕਲੋਪਰਿਡ+ਹੈਕਸਾਕੋਨਾਜ਼ੋਲ) ਪ੍ਰਤੀ ਕਿੱਲੋ ਬੀਜ) ਕਰਨੀ ਬਹੁਤ ਜ਼ਰੂਰੀ ਹੈ । ਨਿਉਨਿਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲਗਦੀ ।

**ਖਾਦਾਂ** : ਦਰਮਿਆਨੀਆਂ ਜ਼ਮੀਨਾਂ ਵਿੱਚ ਬਿਜਾਈ ਵੇਲੇ 55 ਕਿਲੋ ਡੀ ਏ ਪੀ ਪ੍ਰਤੀ ਏਕੜ ਪਾਉ । ਫ਼ਸਲਾਂ ਦੀ ਰਹਿੰਦ-ਖੂੰਹਦ ਵਾਲੇ ਖੇਤਾਂ ਵਿੱਚ ਯੂਰੀਆ ਦੀ ਪਹਿਲੀ ਖੁਰਾਕ (45 ਕਿਲੋ ਪ੍ਰਤੀ ਏਕੜ) ਪਹਿਲੇ ਪਾਣੀ ਨਾਲ ਅਤੇ ਦੂਸਰੀ ਕਿਸ਼ਤ

ਬਾਕੀ ਸਫਾ 6 'ਤੇ



# ਸੂਰਾਂ ਵਿੱਚ ਅਫਰੀਕਨ ਸਵਾਈਨ ਫੀਵਰ ਤੋਂ ਬਚਾਅ ਦੇ ਢੰਗ

ਪੰਜਾਬ ਵਿੱਚ ਸੂਰ ਪਾਲਣ ਕਿਸਾਨਾਂ ਲਈ ਰੋਜ਼ਗਾਰ ਦਾ ਇੱਕ ਵਧੀਆ ਸਰੋਤ ਬਣਦਾ ਜਾ ਰਿਹਾ ਹੈ। ਪਰੰਤੂ ਇਸ ਵੇਲੇ ਸੂਰ ਪਾਲਣ ਸਾਹਮਣੇ ਇੱਕ ਵੱਡਾ ਖ਼ਤਰਾ ਖੜ੍ਹਾ ਹੈ, ਜਿਸ ਦਾ ਨਾਮ ਹੈ ਅਫਰੀਕਨ ਸਵਾਈਨ ਫੀਵਰ। ਜੇ ਇਹ ਬਿਮਾਰੀ ਫਾਰਮ ਵਿੱਚ ਦਾਖਲ ਹੋ ਜਾਵੇ ਤਾਂ ਕੁਝ ਹੀ ਦਿਨਾਂ ਵਿੱਚ ਸਾਰੇ ਸੂਰਾਂ ਨੂੰ ਮਾਰ ਸਕਦੀ ਹੈ ਅਤੇ ਕਿਸਾਨ ਦੀ ਆਮਦਨ ਪੂਰੀ ਤਰ੍ਹਾਂ ਖ਼ਤਮ ਹੋ ਸਕਦੀ ਹੈ। ਇਸ ਲਈ ਕਿਸਾਨਾਂ ਦਾ ਇਸ ਬਿਮਾਰੀ ਬਾਰੇ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ।



**ਇਹ ਬਿਮਾਰੀ ਕਿਵੇਂ ਫੈਲਦੀ ਹੈ ?**

ਅਫਰੀਕਨ ਸਵਾਈਨ ਫੀਵਰ ਬਹੁਤ ਤੇਜ਼ੀ ਨਾਲ ਫੈਲਦੀ ਹੈ। ਜਦੋਂ ਕੋਈ ਸਿਹਤਮੰਦ ਸੂਰ ਬਿਮਾਰ ਜਾਂ ਮਰੇ ਹੋਏ ਸੂਰ ਨਾਲ ਸੰਪਰਕ ਕਰਦਾ ਹੈ ਤਾਂ ਵਾਇਰਸ ਤੁਰੰਤ ਫੈਲ ਜਾਂਦਾ ਹੈ। ਕਈ ਵਾਰ ਸੂਰਾਂ ਨੂੰ ਰਸੋਈ ਦਾ ਸੰਕਰਮਿਤ ਬਚਿਆ-ਖੁਚਿਆ ਖਾਣਾ ਜਾਂ ਕੱਚਾ ਮਾਲ ਖੁਆਉਣ ਨਾਲ ਵੀ ਬਿਮਾਰੀ ਤੁਰੰਤ ਲੱਗ ਜਾਂਦੀ ਹੈ। ਵਾਹਨ, ਸਾਜ਼-ਸਮਾਨ, ਕੱਪੜੇ ਜਾਂ ਜੁੱਤੇ ਜੋ ਬਿਮਾਰ ਸੂਰ ਦੇ ਖ਼ੂਨ ਜਾਂ ਗੰਦ ਨਾਲ ਸੰਪਰਕ ਵਿੱਚ ਆਏ ਹੋਣ, ਉਹ ਵੀ ਬਿਮਾਰੀ ਫੈਲਾਉਂਦੇ ਹਨ। ਵਪਾਰੀ, ਮਜ਼ਦੂਰ ਜਾਂ ਕੋਈ ਵੀ ਸੱਜਣ ਜੇ ਇੱਕ ਫਾਰਮ ਤੋਂ ਦੂਜੇ ਫਾਰਮ ਵਿੱਚ ਜਾਂਦੇ ਹਨ ਤਾਂ ਉਹ ਵੀ ਵਾਇਰਸ ਲੈ ਕੇ ਜਾ ਸਕਦੇ ਹਨ।

**ਲੱਛਣ**

★ ਅਫਰੀਕਨ ਸਵਾਈਨ ਫੀਵਰ ਦੇ ਲੱਛਣ ਤੇਜ਼ੀ ਨਾਲ ਸਾਹਮਣੇ ਆਉਂਦੇ ਹਨ।

★ ਸਭ ਤੋਂ ਪਹਿਲਾਂ ਸੂਰ ਨੂੰ ਬਹੁਤ ਤੇਜ਼ ਬੁਖ਼ਾਰ ਹੋ ਜਾਂਦਾ ਹੈ, ਜੋ 40-42 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ।

★ ਸੂਰ ਖਾਣਾ ਪੀਣਾ ਛੱਡ ਦਿੰਦਾ ਹੈ, ਕਮਜ਼ੋਰ ਹੋ ਜਾਂਦਾ ਹੈ ਅਤੇ ਸਾਹ ਲੈਣ ਵਿੱਚ ਮੁਸ਼ਕਲ ਮਹਿਸੂਸ ਕਰਦਾ ਹੈ।

★ ਕਈ ਵਾਰ ਸੂਰ ਅਚਾਨਕ ਮਰ ਜਾਂਦਾ ਹੈ, ਬਿਨਾਂ ਕਿਸੇ ਵੱਡੇ ਲੱਛਣ ਦੇ।

★ ਕੰਨਾਂ, ਨੱਕ, ਪੇਟ ਜਾਂ ਲੱਤਾਂ 'ਤੇ ਲਾਲ-ਨੀਲੇ ਦਾਗ ਵੀ ਦਿਖਾਈ ਦੇ ਸਕਦੇ ਹਨ।

★ ਕੁਝ ਸੂਰਾਂ ਵਿੱਚ ਉਲਟੀ ਜਾਂ ਖ਼ੂਨ ਵਾਲੇ ਦਸਤ ਵੀ ਹੋ ਸਕਦੇ ਹਨ।

★ ਗਰਭਵਤੀ ਸੂਰਨੀ ਵਿੱਚ ਗਰਭਪਾਤ ਵੀ ਹੋ ਸਕਦਾ ਹੈ।

**ਬਚਾਅ ਅਤੇ ਕੰਟਰੋਲ**

★ ਇਸ ਦਾ ਕੋਈ ਇਲਾਜ ਜਾਂ ਟੀਕਾ ਨਹੀਂ, ਇਸ ਲਈ ਬਚਾਅ ਹੀ ਇਕੋ ਹੱਲ ਹੈ।

★ ਸੂਰਾਂ ਨੂੰ ਰਸੋਈ ਦਾ ਬਚਿਆ-ਖੁਚਿਆ ਖਾਣਾ ਜਾਂ ਕੱਚਾ ਮਾਸ ਨਹੀਂ ਖੁਆਉਣਾ ਚਾਹੀਦਾ।

★ ਫਾਰਮ ਵਿੱਚ ਬਾਹਰੀ ਵਿਅਕਤੀਆਂ ਦੀ ਆਵਾਜਾਈ ਰੋਕਣੀ ਚਾਹੀਦੀ ਹੈ ਤੇ ਆਉਣ ਵਾਲਿਆਂ ਦਾ ਰਿਕਾਰਡ ਰੱਖਣਾ ਚਾਹੀਦਾ ਹੈ।

★ ਫਾਰਮ, ਪਿੰਜਰੇ, ਖੁਰਲੀ ਅਤੇ ਵਾਹਨਾਂ ਨੂੰ ਨਿਯਮਿਤ ਤੌਰ 'ਤੇ ਚੂਨਾ ਜਾਂ ਬਲੀਚਿੰਗ ਪਾਊਡਰ ਨਾਲ ਸਾਫ਼ ਕਰਨਾ ਚਾਹੀਦਾ ਹੈ।

★ ਨਵੇਂ ਸੂਰਾਂ ਨੂੰ ਝੁੰਡ ਵਿੱਚ ਸ਼ਾਮਲ ਕਰਨ ਤੋਂ ਪਹਿਲਾਂ ਘੱਟੋ-ਘੱਟ 15 ਦਿਨ ਲਈ ਅਲੱਗ ਰੱਖਣਾ ਜ਼ਰੂਰੀ ਹੈ।

★ ਸੰਕਰਮਿਤ ਇਲਾਕਿਆਂ ਤੋਂ ਸੂਰ ਜਾਂ ਮਾਸ ਨਾ ਖਰੀਦਿਆ ਜਾਵੇ।

★ ਫਾਰਮ ਵਿੱਚ ਕੰਮ ਕਰਦਿਆਂ ਵਿਸ਼ੇਸ਼ ਕੱਪੜੇ ਅਤੇ ਜੁੱਤੇ ਪਹਿਨੇ ਜਾਣ ਤੇ ਹੱਥ-ਪੈਰ ਧੋਣੇ ਲਾਜ਼ਮੀ ਹਨ।

★ ਜੇਕਰ ਅਚਾਨਕ ਮੌਤ ਜਾਂ ਅਜੀਬ ਲੱਛਣ ਦਿਖਾਈ ਦੇਣ ਤਾਂ ਤੁਰੰਤ ਨਜ਼ਦੀਕੀ ਵੈਟਰਨਰੀ ਮਾਹਰ ਨੂੰ ਸੂਚਨਾ ਦੇਣੀ ਚਾਹੀਦੀ ਹੈ।

★ ਮਰੇ ਹੋਏ ਸੂਰਾਂ ਨੂੰ ਖੁੱਲ੍ਹੇ ਵਿੱਚ ਨਾ ਸੁੱਟਿਆ ਜਾਵੇ, ਉਨ੍ਹਾਂ ਨੂੰ ਚੂਨੇ ਨਾਲ ਡੂੰਘੀ ਖੁੱਡ ਵਿੱਚ ਦੱਬਣਾ ਜਾਂ ਸਾੜਨਾ ਹੀ ਠੀਕ ਹੈ।

**ਸਿੱਟਾ :** ਅਫਰੀਕਨ ਸਵਾਈਨ ਫੀਵਰ ਸੂਰ ਪਾਲਣ ਲਈ ਇੱਕ ਵੱਡਾ ਖ਼ਤਰਾ ਹੈ। ਇਸ ਦੀ ਤੇਜ਼ੀ ਨਾਲ ਫੈਲਣ ਦੀ ਸਮਰੱਥਾ, ਇਲਾਜ ਵਿੱਚ ਦੇਰੀ ਅਤੇ ਉੱਚ ਮੌਤ ਦਰ ਇਸਨੂੰ ਬਹੁਤ ਖ਼ਤਰਨਾਕ ਬਣਾਉਂਦੇ ਹਨ। ਪਰ ਜੇਕਰ ਕਿਸਾਨ ਸਾਵਧਾਨੀ ਵਰਤਣ, ਸਫ਼ਾਈ ਰੱਖਣ ਅਤੇ ਵੈਟਰਨਰੀ ਮਾਹਿਰਾਂ ਨਾਲ ਸਹਿਯੋਗ ਕਰਨ ਤਾਂ ਇਸ ਬਿਮਾਰੀ ਤੇ ਕਾਬੂ ਪਾਇਆ ਜਾ ਸਕਦਾ ਹੈ।

**ਗੁਰਅੰਸ਼ਪ੍ਰੀਤ ਸਿੰਘ ਸੇਠੀ ਅਤੇ ਹਰਦੀਪ ਸਿੰਘ ਸਭਿਖੀ, ਕ੍ਰਿਸ਼ੀ ਵਿਗਿਆਨ ਕੇਂਦਰ, ਫਤਿਹਗੜ੍ਹ ਸਾਹਿਬ**
**ਮੋਬਾਇਲ** : 80546-55333

------- ਬਾਕੀ ਸਫਾ 5 ਦੀ -------

## ਕਣਕ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਸੰਭਾਲੋ...

45 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਦੂਜੇ ਪਾਣੀ ਵੇਲੇ ਛੱਟੇ ਨਾਲ ਪਾਓ। ਹੈਪੀ ਸੀਡਰ ਜਾਂ ਪੀ ਏ ਯੂ ਸਮਾਰਟ ਸੀਡਰ ਜਾਂ ਸਰਫੇਸ ਸੀਡਿੰਗ ਨਾਲ ਬੀਜੀ ਕਣਕ ਵਿੱਚ ਹਮੇਸ਼ਾਂ ਯੂਰੀਆ ਪਾਣੀ ਲਾਉਣ ਤੋਂ ਪਹਿਲਾਂ ਪਾਉ। ਪਰ ਧਿਆਨ ਰਹੇ ਕਿ ਯੂਰੀਆ ਪਾਉਣ ਤੋਂ ਬਾਅਦ ਪਾਣੀ ਲਾਉਣ ਵਿੱਚ ਦੇਰੀ ਨਾ ਹੋਵੇ। ਸੁਪਰ ਸੀਡਰ ਨਾਲ ਬੀਜੀ ਕਣਕ ਵਿੱਚ ਯੂਰੀਆ ਪਾਣੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਪਾਇਆ ਜਾ ਸਕਦਾ ਹੈ। ਯੂਰੀਆ ਦੀ ਸਾਰੀ ਖਾਦ ਬਿਜਾਈ ਤੋਂ 55 ਦਿਨਾਂ ਤੱਕ ਹਰ ਹਾਲਤ ਵਿੱਚ ਪੈ ਜਾਣੀ ਚਾਹੀਦੀ ਹੈ। ਜਿੱਥੇ ਕਣਕ ਦੀ ਬਿਜਾਈ ਤਿੰਨ ਸਾਲਾਂ ਤੋਂ ਲਗਾਤਾਰ ਪਰਾਲੀ ਸਾਂਭ ਕੇ ਕੀਤੀ ਜਾ ਰਹੀ ਹੋਵੇ, ਉੱਥੇ ਚੌਥੇ ਸਾਲ ਤੋਂ ਕਣਕ ਵਿੱਚ 20 ਕਿਲੋ ਯੂਰੀਆ ਪ੍ਰਤੀ ਏਕੜ ਘੱਟ ਪਾਉ ਅਤੇ ਜਿੱਥੇ ਝੋਨੇ ਦੀ ਪਰਾਲੀ ਖੇਤ ਵਿੱਚ ਲਗਾਤਾਰ ਰੱਖੀ ਹੋਵੇ ਜਾਂ ਵਾਹੀ ਹੋਵੇ ਅਤੇ ਜੈਵਿਕ ਕਾਰਬਨ 'ਵੱਧ' ਸ਼੍ਰੇਣੀ ਵਿੱਚ ਆ ਜਾਵੇ ਉਨ੍ਹਾਂ ਖੇਤਾਂ ਵਿੱਚ ਬਿਜਾਈ ਵੇਲੇ 27 ਕਿਲੋ ਡੀ ਏ ਪੀ ਪ੍ਰਤੀ ਏਕੜ ਹੀ ਵਰਤੋਂ।




**ਨਦੀਨਾਂ ਦੀ ਰੋਕਥਾਮ** : ਇਕਸਾਰ ਵਿਛੀ ਹੋਈ ਪਰਾਲੀ ਵਾਲੇ ਖੇਤਾਂ ਵਿੱਚ ਨਦੀਨਾਂ ਵਾਸ ਕਰਕੇ ਗੁੱਲੀ ਡੰਡੇ ਦੀ ਸਮੱਸਿਆ ਬਹੁਤ ਹੱਦ ਤੱਕ ਘੱਟ ਜਾਂਦੀ ਹੈ। ਇਨ੍ਹਾਂ ਖੇਤਾਂ ਵਿੱਚ ਲੋੜ ਮੁਤਾਬਕ ਨਦੀਨ ਨਾਸ਼ਕ ਦੀ ਵਰਤੋਂ ਕਰਕੇ ਅਤੇ ਬਚੇ ਹੋਏ ਨਦੀਨਾਂ ਦੇ ਬੂਟਿਆਂ ਨੂੰ ਪੁੱਟਣ ਨਾਲ ਕਣਕ ਵਿੱਚ ਨਦੀਨਾਂ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ। ਸੁਪਰ ਸੀਡਰ ਨਾਲ ਬੀਜੀ ਕਣਕ ਵਿੱਚ ਨਦੀਨਾਂ ਦੀ ਰੋਕਥਾਮ ਅਸੀਂ ਰਵਾਇਤੀ ਢੰਗ ਨਾਲ ਬੀਜੀ ਕਣਕ ਅਨੁਸਾਰ ਹੀ ਕਰ ਸਕਦੇ ਹਾਂ।

------- ਬਾਕੀ ਸਫਾ 3 ਦੀ -------

## ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ...

ਜੋ ਵੱਧ ਪੈਸੇ ਵੱਟੇ ਜਾ ਸਕਣ। ਖਾਲੀ ਹੋ ਰਹੇ ਖੇਤਾਂ ਦੀ ਵਹਾਈ ਕਰੋ। ਨਾੜ ਨੂੰ ਖੇਤ ਦੇ ਵਿੱਚ ਹੀ ਵਾਹ ਦੇਣਾ ਚਾਹੀਦਾ ਹੈ। ਇਨ੍ਹਾਂ ਖੇਤਾਂ ਵਿੱਚ ਸਬਜ਼ੀਆਂ, ਆਲੂ ਜਾਂ ਹਰੇ ਚਾਰੇ ਦੀ ਬਿਜਾਈ ਕੀਤੀ ਜਾ ਸਕਦੀ ਹੈ।

ਆਮ ਤੌਰ ਉਤੇ ਗੰਨੇ ਦੀ ਬਿਜਾਈ ਫ਼ਰਵਰੀ-ਮਾਰਚ ਵਿੱਚ ਕੀਤੀ ਜਾਂਦੀ ਹੈ ਪਰ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦੀ ਬਿਜਾਈ ਹੁਣ ਵੀ ਕੀਤੀ ਜਾ ਸਕਦੀ ਹੈ। ਇਸ ਨੂੰ ਪਤਝੜੀ ਫ਼ਸਲ ਆਖਿਆ ਜਾਂਦਾ ਹੈ। ਇਸ ਮੌਸਮ ਦੀ ਬਿਜਾਈ ਦਾ ਮੁੱਖ ਲਾਭ ਹੈ ਕਿ ਇਸ ਵਿੱਚ ਦੂਜੀਆਂ ਫ਼ਸਲਾਂ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਆਲੂ, ਕਣਕ, ਰਾਇਆ, ਗੋਭੀ, ਸਰ੍ਹੋਂ, ਤੋਰੀਆ, ਮੱਕੀ, ਪੱਤਗੋਭੀ, ਮੂਲੀ, ਮਟਰ, ਛੋਲੇ ਜਾਂ ਲਸਣ ਦੀ ਬਿਜਾਈ ਕੀਤੀ ਜਾ ਸਕਦੀ ਹੈ। ਇੰਝ ਇੱਕ ਵਾਧੂ ਫ਼ਸਲ ਪ੍ਰਾਪਤ ਹੋ ਜਾਵੇਗੀ। ਇਸ ਮੌਸਮ ਵਿੱਚ ਬਿਜਾਈ ਲਈ ਸੀ.ਓ.ਪੀ.ਬੀ. 95, ਸੀ.ਓ.ਪੀ.ਬੀ. 96, ਸੀ.ਓ.ਪੀ.ਬੀ 92, ਸੀ.ਓ. 118, ਸੀ.ਓ.ਜੇ. 85 ਅਤੇ ਸੀ.ਓ.ਜੇ. 64 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਖਾਦਾਂ ਦੀ ਵਰਤੋਂ ਮਿੱਟੀ ਪਰਖ ਦੀ ਰਿੱਪੋਰਟ ਅਨੁਸਾਰ ਕਰਨੀ ਚਾਹੀਦੀ ਹੈ। ਬਿਜਾਈ ਸਮੇਂ 30 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇੱਕ ਏਕੜ ਲਈ ਤਿੰਨ ਅੱਖਾਂ ਵਾਲੀਆਂ 20 ਹਜ਼ਾਰ ਪੱਛੀਆਂ ਜਾਂ ਚਾਰ ਅੱਖਾਂ ਵਾਲੀਆਂ 15,000 ਪੱਛੀਆਂ ਚਾਹੀਦੀਆਂ ਹਨ। ਬਿਜਾਈ ਸਿਆੜਾਂ ਵਿੱਚ ਪਛੀਆਂ ਨੂੰ ਇੱਕ ਦੂਜੀ ਨਾਲ ਜੋੜ ਕੇ ਕਰੋ। ਲਾਈਨਾਂ ਵਿਚਕਾਰ 90 ਸੈਂਟੀਮੀਟਰ ਦਾ ਫ਼ਾਸਲਾ ਰੱਖਿਆ ਜਾਵੇ। ਪਹਿਲਾ ਪਾਣੀ ਬਿਜਾਈ ਤੋਂ ਇੱਕ ਮਹੀਨੇ ਪਿੱਛੋਂ ਦੇਵੋ।



ਆਲੂ ਪੰਜਾਬ ਦੀ ਮੁੱਖ ਰੋਕੜੀ ਫ਼ਸਲ ਬਣ ਗਏ ਹਨ। ਇਨ੍ਹਾਂ ਦੀ ਕਾਸ਼ਤ ਕੋਈ 93,000 ਹੈਕਟਰ ਧਰਤੀ ਉੱਤੇ ਕੀਤੀ ਜਾਂਦੀ ਹੈ। ਜੇਕਰ ਫ਼ਸਲ ਚੰਗੀ ਹੋ ਜਾਵੇ ਅਤੇ ਚੰਗੇ ਮੁੱਲ ਉੱਤੇ ਵਿੱਕ ਜਾਵੇ ਤਾਂ ਚੋਖੀ ਆਮਦਨ ਹੋ ਜਾਂਦੀ ਹੈ ਪਰ ਫ਼ਸਲ ਦੀ ਸਫ਼ਲਤਾ ਲਈ ਮਿਹਨਤ ਦੀ ਲੋੜ ਹੈ। ਆਲੂ ਦੀ ਬਿਜਾਈ ਮੌਸਮ ਥੋਹੜਾ ਠੰਡਾ ਹੁੰਦਿਆਂ ਹੀ ਸ਼ੁਰੂ ਹੋ ਜਾਂਦੀ ਹੈ। ਜੇਕਰ ਵੱਧ ਰਕਬੇ ਵਿੱਚ ਕਾਸ਼ਤ ਕਰਨੀ ਹੈ ਤਾਂ ਕੁਝ ਹਿੱਸੇ ਵਿੱਚ ਅਗੇਤੀਆਂ ਤੇ ਕੁਝ ਹਿੱਸੇ ਵਿੱਚ ਪਿਛੇਤੀਆਂ ਕਿਸਮਾਂ ਨੂੰ ਬੀਜਣਾ ਚਾਹੀਦਾ ਹੈ। ਕੁਫ਼ਰੀ ਸੂਰਯਾ, ਕੁਫ਼ਰੀ ਚੰਦਰਮੁਖੀ, ਕੁਫ਼ਰੀ ਅਸ਼ੋਕਾ ਅਤੇ ਕੁਫ਼ਰੀ ਪੁਖਰਾਜ ਅਗੇਤੀ ਕਿਸਮਾਂ ਹਨ। ਕੁਫ਼ਰੀ ਸੰਧੂਰੀ ਅਤੇ ਕੁਫ਼ਰੀ ਬਾਦਸ਼ਾਹ ਪਿਛੇਤੀਆਂ ਕਿਸਮਾਂ ਹਨ। ਕੁਫ਼ਰੀ ਪੁਸ਼ਕਰ, ਕੁਫ਼ਰੀ, ਜਯੋਤੀ, ਕੁਫ਼ਰੀ ਗੰਗਾ ਅਤੇ ਕੁਫ਼ਰੀ ਬਹਾਰ ਮੁੱਖ ਮੌਸਮ ਦੀਆਂ ਕਿਸਮਾਂ ਹੈ। ਸਭ ਤੋਂ ਵੱਧ ਝਾੜ ਕੁਫ਼ਰੀ ਪੁਸ਼ਕਰ ਦਾ ਹੈ। ਇਹ ਇੱਕ ਏਕੜ ਵਿੱਚੋਂ 160 ਕੁਇੰਟਲ ਤੋਂ ਵੀ ਵੱਧ ਝਾੜ ਦੇ ਦਿੰਦੀ ਹੈ। ਕੁਫ਼ਰੀ ਚਿਪਸੋਨਾ-1, ਕੁਫ਼ਰੀ ਚਿਪਸੋਨਾ-3 ਅਤੇ ਕੁਫ਼ਰੀ ਫਰਾਈਸੋਨਾ ਪਦਾਰਥੀ ਕਰਨ ਲਈ ਵਧੀਆ ਕਿਸਮਾਂ ਹਨ। ਇਨ੍ਹਾਂ ਸਾਰੀਆਂ ਕਿਸਮਾਂ ਦਾ ਝਾੜ 160 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ। ਵੱਧ ਝਾੜ ਦੇਣ ਵਾਲੀ ਫ਼ਸਲ ਹੋਣ ਕਰਕੇ ਵਧੇਰੇ ਖਾਦਾਂ ਦੀ ਲੋੜ ਪੈਂਦੀ ਹੈ। ਖੇਤ ਤਿਆਰ ਕਰਦੇ ਸਮੇਂ ਕੋਈ 20 ਟਨ ਰੂੜੀ ਪ੍ਰਤੀ ਏਕੜ ਪਾਈ ਜਾਵੇ। ਇਸ ਦੇ ਨਾਲ ਹੀ 165 ਕਿਲੋ ਯੂਰੀਆ, 155 ਕਿਲੋ ਸੁਪਰਫ਼ਾਸਫ਼ੇਟ ਅਤੇ 40 ਕਿਲੋ ਮਿਊਰੇਟ ਆਫ਼ ਪੋਟਾਸ਼ ਪਾਉਣ ਦੀ ਸਿਫ਼ਾਰਸ਼ ਹੈ। ਸਾਰੀ ਫ਼ਾਸਫ਼ੋਰਸ, ਸਾਰੀ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਬਿਜਾਈ ਸਮੇਂ ਪਾਵੋ। ਬਾਕੀ ਦਾ ਯੂਰੀਆ ਮਿੱਟੀ ਚੜ੍ਹਾਉਣ ਵੇਲੇ ਪਾਇਆ ਜਾਵੇ। ਇੱਕ ਏਕੜ ਲਈ ਕੋਈ 15 ਕੁਇੰਟਲ ਬੀਜ ਦੀ ਲੋੜ ਹੈ। ਬੀਜ ਵਾਲੇ ਆਲੂਆਂ ਦਾ ਭਾਰ 40-50 ਗ੍ਰਾਮ ਦੇ ਵਿਚਕਾਰ ਹੋਣਾ ਚਾਹੀਦਾ ਹੈ। ਬੀਜ ਹਮੇਸ਼ਾਂ ਸਹੀ ਕਿਸਮ ਦਾ ਰੋਗ ਰਹਿਤ ਵਰਤੋਂ। ਕੋਲਡ ਸਟੋਰ ਵਿੱਚੋਂ ਕੱਢ ਕੇ ਬੀਜ ਸਿੱਧਾ ਨਹੀਂ ਬੀਜਣਾ ਚਾਹੀਦਾ ਸਗੋਂ ਕਿਸੇ ਕਮਰੇ ਵਿੱਚ ਖਲਾਰ ਕੇ 10 ਕੁ ਦਿਨ ਪਿਆ ਰਹਿਣ ਦੇਣਾ ਚਾਹੀਦਾ ਹੈ। ਬਿਜਾਈ ਕਰਦੇ ਸਮੇਂ ਵੱਟਾਂ ਵਿਚਕਾਰ 60 ਅਤੇ ਆਲੂਆਂ ਵਿਚਕਾਰ 20 ਸੈਂਟੀਮੀਟਰ ਦਾ ਫ਼ਾਸਲਾ ਰੱਖਿਆ ਜਾਵੇ।

ਪੰਜਾਬ ਦੀ ਵਾਹੀ ਹੇਠ ਧਰਤੀ ਲਗਭਗ ਸਾਰੀ ਹੀ ਸੇਂਜੂ ਹੈ, ਇੱਥੇ ਮੌਸਮ ਵੀ ਸਾਰੇ ਆਉਂਦੇ ਹਨ। ਇਸੇ ਕਰਕੇ ਸਾਰਾ ਸਾਲ ਹਰਾ ਚਾਰਾ ਉਗਾਇਆ ਜਾ ਸਕਦਾ ਹੈ। ਹਰੇ ਚਾਰੇ ਕਰਕੇ ਹੀ ਪੰਜਾਬ ਦੇ ਦੁਧਾਰੂ ਦੂਜਿਆਂ ਸੂਬਿਆਂ ਦੇ ਮੁਕਾਬਲੇ ਵਧੇਰੇ ਦੁੱਧ ਦਿੰਦੇ ਹਨ। ਸਤੰਬਰ ਦੇ ਅਖੀਰ ਵਿੱਚ ਹਾੜ੍ਹੀ ਦੇ ਚਾਰਿਆਂ ਦੀ ਬਿਜਾਈ ਸ਼ੁਰੂ ਹੋ ਜਾਣੀ ਹੈ। ਬਰਸੀਮ ਹਾੜ੍ਹੀ ਦਾ ਮੁੱਖ ਚਾਰਾ ਹੈ। ਇਸ ਦੀ ਇਕ ਵੇਰ ਬਿਜਾਈ ਕਰਕੇ ਕਈ ਮਹੀਨੇ ਚਾਰਾ ਪ੍ਰਾਪਤ ਹੁੰਦਾ ਹੈ। ਮਸ਼ੀਨੀ ਖੇਤੀ ਹੋਣ ਨਾਲ ਪੰਜਾਬ ਵਿੱਚ ਡੰਗਰਾਂ ਦੀ ਗਿਣਤੀ ਘੱਟ ਗਈ ਹੈ ਪਰ ਫਿਰ ਵੀ ਦੁਧਾਰੂ ਪਸ਼ੂ ਤਾਂ ਸਾਰੇ ਰੱਖਦੇ ਹੀ ਹਨ। ਬਰਸੀਮ ਧਰਤੀ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਕਰਦੀ ਹੈ। ਇਸ ਨਾਲ ਨਦੀਨਾਂ ਨੂੰ ਵੀ ਕਾਬੂ ਕੀਤਾ ਜਾ ਸਕਦਾ ਹੈ। ਪੰਜਾਬ ਵਿੱਚ ਕਾਸ਼ਤ ਲਈ ਬੀ.ਐੱਲ.-44, ਬੀ.ਐੱਲ-42, ਬੀ.ਐੱਲ.-10 ਅਤੇ ਬੀ.ਐੱਲ.-43 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਇੱਕ ਏਕੜ ਲਈ 10 ਕਿਲੋ ਬੀਜ ਚਾਹੀਦਾ ਹੈ। ਬਿਜਾਈ ਤੋਂ ਪਹਿਲਾਂ ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰੋ ਅਤੇ ਛੋਟੇ ਕਿਆਰੇ ਬਣਾਵੋ। ਬੀਜਣ ਤੋਂ ਪਹਿਲਾਂ ਬੀਜ ਨੂੰ ਪਾਣੀ ਵਿੱਚ ਪਾਵੋ। ਜਿਹੜੇ ਬੀਜ ਤਰ ਆਉਣ ਉਨ੍ਹਾਂ ਨੂੰ ਕੱਢ ਦੇਵੋ। ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਵੀ ਲਗਾਵੋ। ਜਦੋਂ ਮੌਸਮ ਸ਼ਾਂਤ ਹੋਵੇ ਤਾਂ ਖੇਤ ਨੂੰ ਪਾਣੀ ਦੇਵੋ, ਹੁਣ ਬੀਜ ਦਾ ਇੱਕ ਸਾਰ ਛੱਟਾ ਦੇਵੋ। ਜੇਕਰ 750 ਗ੍ਰਾਮ ਸਰ੍ਹੋਂ ਵੀ ਰਲਾ ਦਿੱਤੀ ਜਾਵੇ ਤਾਂ ਪਹਿਲਾ ਲੌਅ ਵਧੀਆ ਹੋ ਜਾਵੇਗਾ। ਖੇਤ ਤਿਆਰ ਕਰਨ ਤੋਂ ਪਹਿਲਾਂ ਛੇ ਟਨ ਰੂੜ੍ਹੀ ਪਾਵੋ। ਬਿਜਾਈ ਸਮੇਂ 125 ਕਿਲੋ ਸੁਪਰਫ਼ਾਸਫ਼ੇਟ ਪ੍ਰਤੀ ਏਕੜ ਵੀ ਪਾ ਦਿੱਤਾ ਜਾਵੇ। ਪਹਿਲੀ ਕਟਾਈ 50 ਦਿਨਾਂ ਪਿੱਛੋਂ ਕੀਤੀ ਜਾ ਸਕਦੀ ਹੈ। ਕਿਸਾਨਾਂ ਵਿੱਚ ਲਵੇਰੇ ਪਾਲਣ ਦੀ ਰੁਚੀ ਘਟ ਰਹੀ ਹੈ। ਇਸੇ ਕਰਕੇ ਪੰਜਾਬੀ ਵੀ ਸੰਤੁਲਿਤ ਭੋਜਨ ਤੋਂ ਦੂਰ ਹੋ ਰਹੇ ਹਨ। ਲਵੇਰਾ ਰੱਖੋ ਘਰ ਦਾ ਦੁੱਧ, ਮੱਖਣ, ਦਹੀਂ, ਘੀ ਅਤੇ ਲੱਸੀ ਦੀ ਵਰਤੋਂ ਕਰੋ।



## ਹੜ੍ਹਾਂ ਤੋਂ ਬਾਅਦ

# ਕਿਸਾਨਾਂ ਲਈ ਖੜ੍ਹੀ ਹੋਵੇਗੀ ਮੰਡੀਕਰਨ ਦੀ ਸਮੱਸਿਆ

ਪੰਜਾਬ ਅੱਜ ਬੇਹਾਲ ਅਤੇ ਬੇਬੱਸ ਹੈ । ਪਿਛਲੇ ਦਿਨੀਂ ਮਨੁੱਖੀ ਗਲਤੀਆਂ ਕਾਰਨ ਪੰਜਾਬ ਵਿੱਚ ਭਿਆਨਕ ਹੜ੍ਹ ਆਏ । ਜ਼ਿੰਮੇਵਾਰ ਅਧਿਕਾਰੀਆਂ ਨੇ ਪਹਿਲਾਂ ਸਾਰੇ ਡੈਮ ਲਗਭਗ ਭਰ ਲਏ । ਜਦੋਂ ਡੈਮਾਂ ਦਾ ਪਾਣੀ ਉਛਲਣ ਕਿਨਾਰੇ ਤੱਕ ਭਰ ਗਿਆ ਤਾਂ ਅਧਿਕਾਰੀਆਂ ਨੇ ਇਕ ਦਮ ਡੈਮਾਂ ਦੇ ਫਲੱਡ ਗੇਟ ਖੋਲ੍ਹ ਦਿੱਤੇ । ਸਰਕਾਰ ਨੇ ਨਾ ਤਾਂ ਕਦੀ ਡੈਮਾਂ ਵਿੱਚੋਂ ਗਾਰ ਕੱਢੀ ਅਤੇ ਨਾ ਪੰਜਾਬ ਦੀਆਂ ਸਰਕਾਰਾਂ ਨੇ ਕਦੀ ਦਰਿਆਵਾਂ, ਛੋਟੀਆਂ ਨਦੀਆਂ, ਨਾਲਿਆਂ ਦੀ ਚੰਗੀ ਤਰ੍ਹਾਂ ਸਫਾਈ ਕਰਵਾਈ । ਕਿਸੇ ਵੇਲੇ ਸਤਲੁਜ ਦੀ ਪ੍ਰਾਜੈਕਟ ਰਿਪੋਰਟ ਅਨੁਸਾਰ ਇਸ ਦੀ ਸਾਢੇ ਚਾਰ ਲੱਖ ਕਿਊਸਿਕ ਪਾਣੀ ਲੈ ਕੇ ਅੱਗੇ ਲੰਘਾਉਣ ਦੀ ਸਮਰੱਥਾ ਸੀ ਪਰ ਇਸ ਵਾਰ ਤਾਂ ਸਵਾ ਲੱਖ ਕਿਊਸਿਕ ਪਾਣੀ ਛੱਡਣ ਨਾਲ ਹੀ ਇਸ ਨੇ ਤਬਾਹੀ ਮਚਾ ਦਿੱਤੀ । ਇਹੋ ਹਾਲ ਬਿਆਸ ਅਤੇ ਰਾਵੀ ਦਾ ਹੋਇਆ । ਪੰਜਾਬ ਦੇ ਲਗਭਗ ਢਾਈ ਹਜ਼ਾਰ ਪਿੰਡ ਹੜ੍ਹਾਂ ਨਾਲ ਤਬਾਹ ਹੋ ਗਏ । ਸਰਕਾਰ ਤਾਂ ਪੰਜ ਲੱਖ ਏਕੜ ਫ਼ਸਲਾਂ ਤਬਾਹ ਹੋਣ ਦਾ ਦਾਅਵਾ ਕਰਦੀ ਹੈ ਪਰ ਸਾਡੀ ਰਿਪੋਰਟ ਅਨੁਸਾਰ ਇਹ 6 ਲੱਖ ਏਕੜ ਤੋਂ ਘੱਟ ਨਹੀਂ । ਪੰਜਾਬ ਅਤੇ ਕੇਂਦਰ ਸਰਕਾਰ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਕਰਦੀ ਹੈ, ਪਰ 2023 ਦੇ ਹੜ੍ਹਾਂ ਦੇ ਮੁਆਵਜ਼ੇ ਵਜੋਂ ਤਾਂ ਸਰਕਾਰ ਨੇ ਧੇਲਾ ਨਹੀਂ ਦਿੱਤਾ । ਇਸ ਸਾਲ ਦੀ ਤਬਾਹੀ ਲਈ ਦੋਵੇਂ ਸਰਕਾਰਾਂ ਇੱਕ ਦੂਜੇ ਨੂੰ ਚਹੇੜਾਂ ਕਰਨ ਵਿੱਚ ਰੁੱਝੀਆਂ ਹੋਈਆਂ ਹਨ । ਇਸ ਤਬਾਹੀ ਵਿੱਚੋਂ ਉਭਰਨ ਲਈ ਪ੍ਰਭਾਵਿਤ ਪੰਜਾਬੀਆਂ ਨੂੰ ਕਿੰਨੇ ਸਾਲ ਲੱਗਣਗੇ, ਕਿਸੇ ਨੂੰ ਚਿੰਤਾ ਨਹੀਂ ।

### ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ

ਪੰਜਾਬੀ ਇਹ ਮੰਨ ਕੇ ਚੱਲਦੇ ਹਨ । ਸਾਡੇ ਗੁਰੂਆਂ ਨੇ ਪਰਾਇਆ ਦੁੱਖ ਆਪਣਾ ਮੰਨ ਕੇ ਮਦਦ ਕਰਨੀ ਸਿਖਾਈ ਹੈ । ਅਜਿਹੇ ਔਖੇ ਸਮੇਂ ਦੁਨੀਆਂ ਭਰ ਵਿੱਚ ਬੈਠੇ ਪੰਜਾਬੀ ਆਪਣੇ ਪੰਜਾਬੀ ਪਰਿਵਾਰਾਂ ਨੂੰ ਪੈਰਾਂ ਸਿਰ ਖੜ੍ਹੇ ਕਰਨ ਲਈ ਭੱਜ ਕੇ ਹੜ੍ਹ ਪੀੜਤਾਂ ਦੀ ਮੱਦਦ ਲਈ ਮੌਕੇ 'ਤੇ ਪੁੱਜ ਗਏ ਹਨ । ਹਰ ਲੋੜੀਂਦੀ ਮੱਦਦ ਪੀੜਤਾਂ ਤੱਕ ਪਹੁੰਚਾਈ ਜਾ ਰਹੀ ਹੈ । ਸਰਕਾਰਾਂ ਬਿਆਨਾਂ ਤੱਕ ਸੀਮਤ ਹਨ, ਮੈਦਾਨਾਂ ਵਿੱਚ ਕਿਤੇ ਨਜ਼ਰ ਨਹੀਂ ਆਉਂਦੀਆਂ । ਜਦੋਂ ਹੜ੍ਹ ਆਏ, ਪਾਣੀ ਦੇ ਧੁੱਸੀ ਬੰਨਾਂ 'ਤੇ ਪੰਜਾਬੀ ਡੱਟ ਕੇ ਪਹਿਰਾ ਦੇ ਰਹੇ ਸਨ । ਕੋਈ ਮਿੱਟੀ ਦੇ ਥੈਲੇ ਭਰ ਭਰ ਲਿਜਾ ਰਿਹਾ ਸੀ ਤੇ ਕੋਈ ਲੰਗਰ । ਸਰਕਾਰ ਨਦਾਰਦ, ਬਿਆਨਬਾਜ਼ੀ ਤੱਕ ਸੀਮਤ । ਬਹੁਤੇ ਲੀਡਰ ਗੋਡਿਆਂ ਤੱਕ ਪਜ਼ਾਮੇ ਚੜ੍ਹਾ ਕੇ ਫੋਟੋ ਖਿਚਵਾਉਣ ਵਿੱਚ ਮਸਤ ਰਹੇ । ਇਸ ਸਭ ਦੇ ਬਾਵਜੂਦ ਪੰਜਾਬੀਆਂ ਨੇ ਮੋਰਚਾ ਸੰਭਾਲਿਆ ਹੋਇਆ ਹੈ । ਕੋਈ ਮਾਲੀ ਮੱਦਦ ਕਰ ਰਿਹਾ ਹੈ, ਕੋਈ ਟਰੈਕਟਰ ਦੇ ਰਿਹਾ ਹੈ । ਪਿੰਡਾਂ ਦੇ ਪਿੰਡ ਰਾਸ਼ਨ ਤੂੜੀ, ਪਸ਼ੂ ਅਚਾਰ ਅਤੇ ਹੋਰ ਸਮੱਗਰੀ ਭੇਜ ਰਹੇ ਹਨ । ਲਾਈਨ ਨਹੀਂ ਟੁੱਟਦੀ । ਸਰਕਾਰ ਤੋਂ ਆਸ ਛੱਡ ਕੇ ਪੰਜਾਬੀ ਪਿੰਡਾਂ ਦੇ ਪਿੰਡ ਗੋਦ ਲੈ ਰਹੇ ਹਨ । ਗੁਰੂਆਂ ਦੇ ਅਸ਼ੀਰਵਾਦ ਸਦਕਾ ਇਸ ਤਰਾਸਦੀ 'ਤੇ ਕਾਬੂ ਪਾ ਲਿਆ ਜਾਵੇਗਾ । ਸਰਕਾਰਾਂ ਦੀ 1600 ਕਰੋੜ ਜਾਂ 16 ਹਜ਼ਾਰ ਕਰੋੜ ਦੀ ਮੱਦਦ ਦੀ ਕਸ਼ਮਕਸ਼ ਪੰਜਾਬੀਆਂ ਨੂੰ ਰੜਕਦੀ ਰਹੇਗੀ ।

### ਗੱਲ ਹਾਲਾਂ ਮੁੱਕੀ ਨਹੀਂ

ਹੜ੍ਹਾਂ ਤੋਂ ਬਚੇ ਇਲਾਕਿਆਂ ਵਿੱਚ ਝੋਨੇ ਦੀ ਵਾਢੀ ਸ਼ੁਰੂ ਹੋ ਗਈ ਹੈ । ਬਾਸਮਤੀ ਦੇ ਘਟੇ ਝਾੜ ਨੇ ਕਿਸਾਨਾਂ ਨੂੰ ਮਾਯੂਸ ਕੀਤਾ ਹੈ । ਕਿਸਾਨ ਪ੍ਰੇਸ਼ਾਨ ਹਨ ਕਿ ਚਾਈਨਾ ਵਾਇਰਸ ਅਤੇ ਹਲਦੀ ਰੋਗ ਦੀਆਂ ਬਿਮਾਰੀਆਂ ਨੇ ਕਿਸਾਨਾਂ ਨੂੰ ਇੱਕ ਹੋਰ ਝਟਕਾ ਦੇ ਦਿੱਤਾ ਹੈ । ਜਿਸ ਤਰ੍ਹਾਂ ਪੰਜਾਬ ਸਰਕਾਰ ਦੇ ਲਾਰੇ ਅਤੇ ਝੂਠ ਬੋਲਣ ਦੀ ਆਦਤ ਹੈ, ਮੈਨੂੰ ਨਹੀਂ ਲੱਗਦਾ ਇਨ੍ਹਾਂ ਬਿਮਾਰੀਆਂ ਤੋਂ ਪ੍ਰਭਾਵਿਤ ਖੇਤਾਂ ਦੀ ਸਰਕਾਰ ਸਪੈਸ਼ਲ ਗਿਰਦਾਵਰੀ ਕਰਵਾਏਗੀ । ਇਨ੍ਹਾਂ ਬਿਮਾਰੀਆਂ ਤੋਂ ਹੋਏ ਨੁਕਸਾਨ ਦਾ ਲੇਖਾ ਕਰਕੇ ਕੌਣ ਬਲਾਅ ਆਪਣੇ ਗਲ ਪਾਵੇਗਾ । ਕੋਈ ਸਮਾਂ ਸੀ, ਅਜਿਹੀ ਸਥਿਤੀ ਵਿੱਚ ਸਰਕਾਰ ਮੁਆਵਜ਼ਾ ਤਾਂ ਦਿਆ ਹੀ ਕਰਦੀ ਸੀ ਸਗੋਂ ਫ਼ਸਲਾਂ 'ਤੇ ਬੋਨਸ ਵੀ ਦਿਆ ਕਰਦੀ ਸੀ । ਹੁਣ ਤਾਂ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਲਈ ਬੋਨਸ 'ਤੇ ਵੀ ਪਾਬੰਦੀ ਲਾਈ ਹੋਈ ਹੈ । ਪੰਜਾਬ ਸਰਕਾਰ ਲਈ ਇਹੋ ਬਹਾਨਾ ਕਾਫ਼ੀ ਹੈ ।



ਬਲਵੀਰ ਸਿੰਘ ਰਾਜੇਵਾਲ
ਪ੍ਰਧਾਨ ਬੀ. ਕੇ. ਯੂ.
ਭਗਵਾਨਪੁਰਾ ਰੋਡ, ਸਮਰਾਲਾ
ਜ਼ਿਲ੍ਹਾ ਲੁਧਿਆਣਾ-141114
(ਮੋ. 98142-28005)

ਜਦੋਂ ਪੰਜਾਬ ਵਿੱਚ ਝੋਨੇ ਦੀ ਫ਼ਸਲ ਆਈ, ਉਦੋਂ ਕੇਂਦਰ ਸਰਕਾਰ ਨੇ ਇਸਦੀ ਖ਼ਰੀਦ ਲਈ ਮਿਆਰ ਇੱਕ ਹੱਦ ਤੱਕ ਸਾਰਥਕ ਤਹਿ ਕੀਤੇ ਹੋਏ ਸਨ । ਝੋਨਾ 22 ਫ਼ੀਸਦੀ ਨਮੀ ਵਾਲਾ ਸਰਕਾਰ ਖਰੀਦਿਆ ਕਰਦੀ ਸੀ । ਹੌਲੀ-ਹੌਲੀ ਕੇਂਦਰ ਸਰਕਾਰ ਨੇ ਖਰੀਦ ਦੇ ਮਿਆਰ ਸਖਤ ਕਰਨੇ ਸ਼ੁਰੂ ਕਰ ਦਿੱਤੇ । ਸਰਕਾਰ ਜਿਸ ਸ਼ੈਲਰ ਵਿੱਚ ਝੋਨੇ ਦੀ ਫ਼ਸਲ ਖਰੀਦ ਕੇ ਚਾਵਲ ਕੱਢਣ ਲਈ ਸਟੋਰ ਕਰਦੀ ਹੈ, ਉਸ ਤੋਂ ਇੱਕ ਕੁਇੰਟਲ ਝੋਨੇ ਪਿੱਛੇ 67 ਕਿਲੋ ਚਾਵਲ 14 ਫ਼ੀਸਦੀ ਨਮੀ ਵਾਲੇ ਲੈਂਦੀ ਹੈ । ਇਸ ਲਈ 22 ਫ਼ੀਸਦੀ ਨਮੀ ਕਾਰਨ ਸਰਕਾਰ ਐਫ.ਸੀ.ਆਈ. ਰਾਹੀਂ ਸ਼ੈਲਰਾਂ ਨੂੰ ਸੋਕ ਲਈ 5 ਫ਼ੀਸਦੀ ਪੈਸੇ ਦਿਆ ਕਰਦੀ ਸੀ । ਹੌਲੀ-ਹੌਲੀ ਕੇਂਦਰ ਸਰਕਾਰ ਨੇ ਝੋਨੇ ਦੀ ਨਮੀ ਦੀ ਮਾਤਰਾ 22 ਤੋਂ ਘਟਾ ਕੇ 21 ਫ਼ੀਸਦੀ ਕੀਤੀ, ਫਿਰ 20, ਫਿਰ 19, ਫਿਰ 18 ਅਤੇ ਹੁਣ 17 ਫ਼ੀਸਦੀ ਕਰ ਦਿੱਤੀ । ਇਸ ਵਾਧੂ ਨਮੀ ਲਈ ਜੋ ਪੈਸੇ ਸਰਕਾਰ ਐਫ.ਸੀ.ਆਈ. ਰਾਹੀਂ ਸ਼ੈਲਰ ਮਾਲਕਾਂ ਨੂੰ ਦਿਆ ਕਰਦਾ ਸੀ, ਉਸਨੇ ਆਪਣੇ ਪੈਸੇ ਬਚਾ ਲਏ, ਪਰ ਇਸ ਸੋਕ ਦਾ ਬੋਝ ਕਿਸਾਨਾਂ ਸਿਰ ਪਾ ਦਿੱਤਾ ।

ਅਸੀਂ ਅਸਾਧਾਰਨ ਸਥਿਤੀ ਦਾ ਸਾਹਮਣਾ ਕੀਤਾ ਹੈ । ਹੜ੍ਹਾਂ ਕਾਰਨ ਇਸ ਵੇਲੇ ਵਾਤਾਵਰਨ ਵਿੱਚ ਨਮੀ ਵਧੇਰੇ ਹੈ । ਆਉਣ ਵਾਲੇ ਦਿਨਾਂ ਵਿੱਚ ਠੰਢ ਉਤਰਨ ਲੱਗੇਗੀ ਤਾਂ ਝੋਨੇ ਵਿੱਚ ਨਮੀ ਦੀ ਮਾਤਰਾ ਹੋਰ ਵਧੇਗੀ, ਜੋ 25 ਫ਼ੀਸਦੀ ਤੱਕ ਜਾ ਸਕਦੀ ਹੈ । ਅਜਿਹੀ ਸਥਿਤੀ ਵਿੱਚ ਸ਼ੈਲਰ ਮਾਲਕ ਵੱਧ ਨਮੀ ਕਾਰਨ ਝੋਨੇ ਦੀ ਖਰੀਦ ਸਮੇਂ ਨੱਕ ਬੁੱਲ ਮਾਰਨਗੇ । ਮੰਡੀਆਂ ਝੋਨੇ ਨਾਲ ਭਰੀਆਂ ਹੋਣਗੀਆਂ, ਅਜਿਹੀ ਸਥਿਤੀ ਵਿੱਚ ਕਿਸਾਨਾਂ ਦਾ ਸ਼ੋਸ਼ਣ ਲਾਜ਼ਮੀ ਹੋਵੇਗਾ । ਇਹੋ ਨਹੀਂ ਚਾਈਨੀਜ਼ ਵਾਇਰਸ ਅਤੇ ਹਲਦੀ ਰੋਗ ਕਾਰਨ ਝੋਨੇ ਵਿੱਚ ਬਦਰੰਗ ਅਤੇ ਕਾਲੇ ਦਾਣੇ ਦੀ ਸਮੱਸਿਆ ਹੋਰ ਵੀ ਜ਼ਿਆਦਾ ਹੋਵੇਗੀ । ਇਹ ਵੀ ਝੋਨਾ ਵੇਚਣ ਸਮੇਂ ਕਿਸਾਨਾਂ ਲਈ ਵੱਡੀ ਮੁਸੀਬਤ ਬਣਨਗੇ । ਨਜ਼ਲਾ ਕਿਸਾਨਾਂ 'ਤੇ ਹੀ ਡਿਗੇਗਾ । ਚਾਈਨਾ ਵਾਇਰਸ ਵਾਲੇ ਖੇਤ ਤਾਂ ਬਰਬਾਦ ਹੀ ਹੋ ਗਏ । ਕੋਈ ਝਾੜ ਹੀ ਨਹੀਂ । ਭਾਵੇਂ ਲੇਟ ਹੀ ਸਹੀ ਪਰ ਹਾਲਾਂ ਵੀ ਸਮਾਂ ਹੈ ਕਿ ਪੰਜਾਬ ਸਰਕਾਰ ਤੁਰੰਤ ਇਹ ਮਸਲਾ ਕੇਂਦਰੀ ਖ਼ੁਰਾਕ ਮੰਤਰੀ ਜਿਸ ਨੇ ਇਹ ਮਿਆਰ ਤਹਿ ਕਰਨੇ ਹੁੰਦੇ ਹਨ, ਉਸ ਪੱਧਰ 'ਤੇ ਉਠਾ ਕੇ ਝੋਨੇ ਦੀ ਖਰੀਦ ਦੇ ਮਿਆਰ ਨਰਮ ਕਰਵਾਏ । ਉਸ ਤੋਂ ਵੀ ਅੱਗੇ ਪੰਜਾਬ ਦੀ ਤਰਾਸਦੀ ਨੂੰ ਧਿਆਨ ਵਿੱਚ ਰੱਖ ਕੇ ਪ੍ਰਧਾਨ ਮੰਤਰੀ ਦੇ ਦਖ਼ਲ ਦੀ ਵੀ ਮੰਗ ਕਰੇ । ਅਜਿਹੀ ਸਥਿਤੀ ਵਿੱਚ ਹੜ੍ਹਾਂ ਨਾਲ ਹੋਈ ਤਬਾਹੀ ਤੋਂ ਬਾਅਦ ਪੰਜਾਬ ਤੋਂ ਕੇਂਦਰੀ ਅੰਨ ਭੰਡਾਰ ਲਈ ਦਿੱਤੇ ਜਾਣ ਵਾਲੇ ਚਾਵਲਾਂ ਵਿੱਚ ਤਾਂ ਕਮੀ ਹੋਵੇਗੀ ਹੀ, ਮੰਡੀਆਂ ਵਿੱਚ ਆਉਣ ਵਾਲੇ ਝੋਨੇ ਵਿੱਚ ਝਾੜ ਘਟਣ ਅਤੇ ਝੋਨੇ ਦੀ ਕੁਆਲਟੀ ਖਰਾਬ ਹੋਣ ਕਾਰਨ, ਜੇ ਮਿਆਰ ਨਾ ਬਦਲੇ ਤਾਂ ਪੰਜਾਬ ਦੇ ਕਿਸਾਨਾਂ ਨੂੰ ਹਜ਼ਾਰਾਂ ਕਰੋੜ ਦਾ ਰਗੜਾ ਲੱਗੇਗਾ, ਮੰਡੀ ਵਿੱਚ ਕਿਸਾਨਾਂ ਦਾ ਵੱਡੀ ਪੱਧਰ 'ਤੇ ਸ਼ੋਸ਼ਣ ਵੀ ਹੋਵੇਗਾ ।

ਸਮਾਂ ਮੰਗ ਕਰਦਾ ਹੈ ਕਿ ਬਿਨਾਂ ਹੋਰ ਦੇਰੀ ਤੋਂ ਸਰਕਾਰ ਵੱਡੀ ਪੱਧਰ 'ਤੇ ਇਸ ਅਤਿ ਗੰਭੀਰ ਮੁੱਦੇ ਨੂੰ ਕੇਂਦਰ ਕੋਲ ਉਠਾ ਕੇ ਕਿਸਾਨਾਂ ਲਈ ਰਾਹਤ ਲੈ ਕੇ ਦੇਵੇ । ਅੱਗੇ ਲਈ ਦਰਿਆਵਾਂ ਅਤੇ ਡੈਮਾਂ ਦੀ ਵੱਡੀ ਪੱਧਰ ਉੱਤੇ ਸਫ਼ਾਈ ਕਰਵਾਈ ਜਾਵੇ । ਆਲਮੀ ਤਪਸ਼ ਅਤੇ ਮੌਸਮ ਦੀ ਤਬਦੀਲੀ ਸਾਨੂੰ ਚਿਤਾਵਨੀ ਦੇ ਰਹੀਆਂ ਹਨ, ਕਿ ਜੇ ਤੁਰੰਤ ਕਦਮ ਨਾ ਉਠਾਏ ਤਾਂ ਅਗਲੇ ਸਾਲ ਫਿਰ ਹੜ੍ਹਾਂ ਦੀ ਆਫ਼ਤ ਆ ਸਕਦੀ ਹੈ । ਵਾਰ-ਵਾਰ ਆ ਰਹੇ ਹੜ੍ਹ ਪੰਜਾਬ ਨੂੰ ਤਬਾਹ ਕਰ ਦੇਣਗੇ । ਜੇ ਸਰਕਾਰ ਨਾ ਜਾਗੀ ਤਾਂ ਕੋਈ ਬਚ ਨਹੀਂ ਸਕੇਗਾ ।

# ਲਸਣ ਦੀ ਕਾਸ਼ਤ



ਲਸਣ ਪੰਜਾਬ ਦੀ ਇੱਕ ਮੁੱਖ ਫ਼ਸਲ ਹੈ ਜੋ ਕਿ ਹਰ ਘਰ ਦੀ ਰਸੋਈ ਅਤੇ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ ।

ਲਸਣ ਨੂੰ ਦਰਮਿਆਨੀ ਗਰਮੀ ਅਤੇ ਸਰਦੀ ਵਿੱਚ ਵਧੀਆ ਢੰਗ ਨਾਲ ਉਗਾਇਆ ਜਾ ਸਕਦਾ ਹੈ । ਇਸ ਦੀ ਵਧੀਆ ਪੈਦਾਵਾਰ ਲਈ ਤਾਪਮਾਨ 13 ਤੋਂ 14 ਡਿਗਰੀ ਸੈਲਸੀਅਸ ਹੈ ਜੋ ਕਿ ਪੰਜਾਬ ਵਿੱਚ ਆਮ ਤੌਰ ਤੇ ਸਰਦ ਰੁੱਤ ਤੋਂ ਥੋੜ੍ਹਾ ਸਮਾਂ ਪਹਿਲਾਂ ਹੁੰਦਾ ਹੈ । ਜ਼ਿਆਦਾ ਜਾਂ ਘੱਟ ਤਾਪਮਾਨ ਇਸਦੀ ਪੈਦਾਵਾਰ ਨੂੰ ਪ੍ਰਭਾਵਿਤ ਕਰਦਾ ਹੈ । ਇਸਦੀ ਬਿਜਾਈ ਪੰਜਾਬ ਵਿੱਚ ਆਮ ਤੌਰ ਤੇ ਸਤੰਬਰ ਦੇ ਆਖ਼ਰੀ ਹਫ਼ਤੇ ਤੋਂ ਅਕਤੂਬਰ ਦੇ ਪਹਿਲੇ ਹਫ਼ਤੇ ਤੱਕ ਹੁੰਦੀ ਹੈ । ਆਮ ਤੌਰ ਤੇ ਲਸਣ ਦੀ ਬਿਜਾਈ ਚੰਗੀਆਂ ਜਰਖੇਜ਼, ਚੰਗੇ ਪਾਣੀ ਅਤੇ ਨਿਕਾਸ ਵਾਲੀਆਂ ਜ਼ਮੀਨਾਂ ਵਿੱਚ ਹੁੰਦੀ ਹੈ । ਪਰ ਰੇਤਲੀ ਮੈਰਾ ਜ਼ਮੀਨ ਜਿਸਦਾ ਤੇਜ਼ਾਬੀ ਮਾਦਾ 6 ਤੋਂ 6.5 ਹੋਵੇ, ਪੈਦਾਵਾਰ ਲਈ ਢੁੱਕਵੀਂ ਹੈ । ਸਫ਼ਲ ਬਿਜਾਈ ਲਈ 225 ਤੋਂ 250 ਕਿਲੋ ਨਰੋਈਆਂ ਤੁਰੀਆਂ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ । ਆਮ ਤੌਰ ਤੇ ਵੇਖਿਆ ਗਿਆ ਹੈ ਵੱਡੇ ਆਕਾਰ ਦੀ ਤੁਰੀ (>9mm) ਤੋਂ ਵੱਡੇ ਆਕਾਰ ਦਾ ਬੂਟਾ ਅਤੇ ਵੱਡੇ ਆਕਾਰ ਦਾ ਲਸਣ ਪੈਦਾ ਕੀਤਾ ਜਾ ਸਕਦਾ ਹੈ, ਇਸ ਲਈ ਕੋਸ਼ਿਸ਼ ਕਰੋ ਕਿ ਤੁਰੀਆ ਨਰੋਈਆਂ ਅਤੇ ਇੱਕੋ ਆਕਾਰ ਦੀਆਂ ਹੋਣ । ਸਫ਼ਲ ਅਤੇ ਵਧੀਆ ਪੈਦਾਵਾਰ ਲਈ ਤੁਰੀਆਂ ਨੂੰ 15 ਸੈਂਟੀਮੀਟਰ ਕਤਾਰ ਤੋਂ ਕਤਾਰ ਅਤੇ 7.5 ਸੈਂਟੀਮੀਟਰ ਬੂਟੇ ਤੋਂ ਬੂਟਾ ਦੇ ਫਾਸਲੇ ਤੇ ਬੀਜੋ । ਇੱਕ ਗੱਲ ਦਾ ਧਿਆਨ ਰੱਖੋ ਕਿ ਤੁਰੀਆਂ ਦੀ ਡੂੰਘਾਈ 3 ਤੋਂ 5 ਸੈਂਟੀਮੀਟਰ ਹੋਵੇ ।

**ਖਾਦਾਂ ਅਤੇ ਸਿੰਚਾਈ** : ਵਧੀਆ ਪੈਦਾਵਾਰ ਅਤੇ ਵੱਧ ਝਾੜ ਲੈਣ ਲਈ ਸਹੀ ਮਾਤਰਾ ਵਿੱਚ ਖਾਦਾਂ ਦਾ ਪਾਇਆ ਜਾਣਾ ਬਹੁਤ ਜ਼ਰੂਰੀ ਹੈ । ਇਸ ਲਈ ਬਿਜਾਈ ਤੋਂ 10 ਦਿਨ ਪਹਿਲਾਂ 20 ਟਨ ਗਲੀ ਸੜੀ ਰੂੜ੍ਹੀ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਵਿੱਚ ਪਾਈ ਜਾਵੇ । 50 ਕਿਲੋ ਨਾਈਟਰੋਜਨ, 25 ਕਿਲੋ ਫਾਰਸਫੋਰਸ, 4 ਕਿਲੋ ਪੋਟਾਸ਼ ਅਤੇ 12 ਕਿਲੋ ਸਲਫ਼ਰ ਪ੍ਰਤੀ ਏਕੜ ਵਿੱਚ ਪਾਈ ਜਾਵੇ । ਬਿਜਾਈ ਤੋਂ ਤੁਰੰਤ ਬਾਅਦ ਪਹਿਲਾ ਪਾਣੀ ਲਗਾਇਆ ਜਾਵੇ । ਹਰ 10 ਤੋਂ 15 ਦਿਨਾਂ ਬਾਅਦ ਮਿੱਟੀ ਵਿੱਚ ਪਾਣੀ ਦੀ ਮੌਜੂਦਗੀ ਅਤੇ ਮੌਸਮ ਦੇ ਹਿਸਾਬ ਨਾਲ ਪਾਣੀ ਲਗਾਉਣਾ ਚਾਹੀਦਾ ਹੈ । ਜ਼ਿਆਦਾ ਪਾਣੀ ਲਗਾਉਣ ਨਾਲ ਲਸਣ ਦੀ ਗੁਣਵੱਤਾ ਖ਼ਰਾਬ ਹੁੰਦੀ ਹੈ ਅਤੇ ਝਾੜ ਤੇ ਵੀ ਮਾੜਾ ਅਸਰ ਪੈਂਦਾ ਹੈ । ਨਦੀਨਾਂ ਦੀ ਰੋਕਥਾਮ ਲਈ ਝੋਨੇ ਦੀ ਪਰਾਲੀ ਨੂੰ 25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਲਸਣ ਦੇ ਖੇਤ ਵਿੱਚ ਵਿਛਾ ਦਿਓ ਤਾਂ ਜੋ ਨਦੀਨ ਲਸਣ ਨਾਲ ਪਾਣੀ, ਖਾਦਾਂ ਅਤੇ ਊਰਜਾ ਲਈ ਮੁਕਾਬਲਾ ਨਾ ਕਰਨ ।

**ਪੁਟਾਈ** : ਲਸਣ ਦੀ ਪਕਾਈ 170 ਤੋਂ 180 ਦਿਨਾਂ ਬਾਅਦ ਕਿਸਮ ਦੇ ਹਿਸਾਬ ਨਾਲ ਹੋ ਜਾਂਦੀ ਹੈ । ਆਮ ਤੌਰ ਤੇ ਇਸਦੀ ਪੁਟਾਈ ਅਪ੍ਰੈਲ ਵਿੱਚ ਹੁੰਦੀ ਹੈ ਜਦੋਂ ਹੇਠਲੇ ਪੱਤੇ ਪੀਲੇ ਪੈ ਜਾਣ ਅਤੇ ਸੁਕਣ ਲੱਗ ਜਾਣ । ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਪੁਟਾਈ ਤੋਂ 15 ਦਿਨ ਪਹਿਲਾਂ ਪਾਣੀ ਨਹੀਂ ਲਗਾਉਣਾ ਚਾਹੀਦਾ ਤਾਂ ਜੋ ਇਸਦੀ ਭੰਡਾਰਨ ਦੀ ਸਮਰੱਥਾ ਨੂੰ ਵਧਾਇਆ ਜਾ ਸਕੇ । ਪੁਟਾਈ ਤੋਂ ਬਾਅਦ 5 ਤੋਂ 7 ਦਿਨਾਂ ਲਈ ਲਸਣ ਨੂੰ ਛਾਵੇਂ ਸੁੱਕੀ ਥਾਂ ਤੇ ਰੱਖੋ ਅਤੇ ਛੋਟੀਆਂ-ਛੋਟੀਆਂ ਗੁਟੀਆਂ ਵਿੱਚ ਬੰਨ੍ਹ ਦਿਓ । ਫਿਰ ਸੁਕੀ ਅਤੇ ਹਵਾਦਾਰ ਥਾਂ ਤੇ ਇਸਦਾ ਭੰਡਾਰ ਕਰੋ । ਭੰਡਾਰਨ ਦੇ ਸਮੇਂ ਦੌਰਾਨ ਖਰਾਬ ਹੋਈਆਂ ਤੁਰੀਆਂ ਜਾਂ ਲਸਣ ਨੂੰ ਕੱਢ ਦਿਓ ਤਾਂ ਜੋ ਇਸਦੀ ਗੁਣਵੱਤਾ ਨੂੰ ਸੁਧਾਰਿਆ ਜਾ ਸਕੇ ।

**ਮਧੂ ਸ਼ਰਮਾ ਅਤੇ ਦਿਲਪ੍ਰੀਤ ਤਲਵਾਰ, ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**
ਮੋਬਾਇਲ : 84371-90641

**ਆਫ਼ਤ ਪ੍ਰਬੰਧਨ ਯੋਜਨਾਵਾਂ ਸਾਡੇ ਕੋਲ ਹਨ, ਵਧੀਆ ਪ੍ਰਣਾਲੀਆਂ ਤੇ ਦਿਸ਼ਾ-ਨਿਰਦੇਸ਼ ਬਣਾਏ ਗਏ ਹਨ । ਕੇਰਲਾ ਤੇ ਉੜੀਸਾ ਵਰਗੇ ਸਫ਼ਲ ਮਾਡਲ ਮੌਜੂਦ ਹਨ । ਪੰਜਾਬ ਨੂੰ ਬੱਸ ਇਨ੍ਹਾਂ ਨੂੰ ਲਾਗੂ ਕਰਨ ਦੀ ਲੋੜ ਹੈ ।**



# ਹੜ੍ਹਾਂ ਨਾਲ ਨਜਿੱਠਣ ਲਈ ਕੀ ਕਰਨਾ ਲੋੜੀਏ

ਦਿਨੇਸ਼ ਸੀ. ਸ਼ਰਮਾ

ਪੰਜਾਬ ਵਿੱਚ ਹੜ੍ਹਾਂ ਦਾ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ, ਪਰ ਆਫ਼ਤ ਅਜੇ ਖ਼ਤਮ ਨਹੀਂ ਹੋਈ । ਇਹ ਹਾਲ ਦੇ ਦਹਾਕਿਆਂ ਵਿੱਚ ਸਭ ਤੋਂ ਭੈੜੇ ਹੜ੍ਹਾਂ ਵਿੱਚੋਂ ਇੱਕ ਸੀ, ਜਿਸ ਨੇ ਸਾਰੇ 23 ਜ਼ਿਲ੍ਹਿਆਂ ਨੂੰ ਪ੍ਰਭਾਵਿਤ ਕੀਤਾ ਅਤੇ 2000 ਤੋਂ ਵੱਧ ਪਿੰਡਾਂ ਦੇ ਲਗਭਗ 20 ਲੱਖ ਲੋਕਾਂ ਨੂੰ ਮਾਰ ਪਈ । ਲੱਖਾਂ ਲੋਕ ਬੇਘਰ ਹੋਏ ਅਤੇ 50 ਤੋਂ ਵੱਧ ਲੋਕ ਹੜ੍ਹਾਂ ਨਾਲ ਸੰਬੰਧਿਤ ਘਟਨਾਵਾਂ ਵਿੱਚ ਮਾਰੇ ਗਏ ।

ਜ਼ਾਹਿਰ ਹੈ, ਖੇਤੀਬਾੜੀ ਖੇਤਰ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ, 17 ਲੱਖ ਹੈਕਟੇਅਰ ਤੋਂ ਵੱਧ ਖੇਤੀਯੋਗ ਜ਼ਮੀਨ ਪਾਣੀ ਵਿੱਚ ਡੁੱਬ ਗਈ । ਫ਼ਸਲਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਲੱਖਾਂ ਪਸ਼ੂਆਂ ਤੇ ਮੁਰਗੀਆਂ ਬਗੈਰਾਂ ਨੂੰ ਚਾਰੇ-ਦਾਣੇ ਅਤੇ ਆਸਰੇ ਤੋਂ ਬਿਨਾਂ ਰਹਿਣਾ ਪਿਆ ਹੈ । ਪਿੰਡਾਂ ਵਿੱਚ ਘਰਾਂ ਅਤੇ ਹੋਰ ਬੁਨਿਆਦੀ ਢਾਂਚੇ ਦਾ ਵੱਡਾ ਨੁਕਸਾਨ ਹੋਇਆ ਹੈ ।



ਹੜ੍ਹਾਂ ਤੋਂ ਬਾਅਦ ਦੇ ਹਾਲਾਤ ਹੋਰ ਵੀ ਚੁਣੌਤੀਪੂਰਨ ਹਨ । ਸਿਹਤ ਤੰਤਰ ਅਤੇ ਖੇਤੀ ਨੂੰ ਸਭ ਤੋਂ ਪਹਿਲਾਂ ਪੈਰਾਂ ਸਿਰ ਕਰਨਾ ਜ਼ਰੂਰੀ ਹੈ । ਖੜ੍ਹਾ ਪਾਣੀ ਮੱਛਰ ਪੈਦਾ ਕਰਦਾ ਹੈ, ਜਿਸ ਨਾਲ ਮਲੇਰੀਆ, ਡੇਂਗੂ ਤੇ ਚਿਕਨਗੁਨੀਆ ਹੋ ਸਕਦਾ ਹੈ । ਪੀਣ ਵਾਲਾ ਪਾਣੀ ਦੂਸ਼ਿਤ ਰਹਿੰਦਾ ਹੈ ਤਾਂ ਟਾਈਫਾਈਡ, ਦਸਤ ਤੇ ਹੈਪੇਟਾਈਟਸ ਵਰਗੀਆਂ ਬਿਮਾਰੀਆਂ ਵੱਧ ਸਕਦੀਆਂ ਹਨ । ਸੱਪ ਡੱਸਣ ਦਾ ਖ਼ਤਰਾ ਵੀ ਵੱਧ ਗਿਆ ਹੈ । ਜ਼ਮੀਨ ਦਾ ਵੱਡਾ ਹਿੱਸਾ ਗਾਰ ਅਤੇ ਰੇਤ ਹੇਠ ਹੈ, ਇਸ ਲਈ ਅਗਲੇ ਬਿਜਾਈ ਦੇ ਸੀਜ਼ਨ ਤੋਂ ਪਹਿਲਾਂ ਜ਼ਮੀਨ ਨੂੰ ਸੁਧਾਰਨ ਲਈ ਉਪਾਅ ਕਰਨੇ ਪੈਣਗੇ । ਝੋਨੇ ਦੀ ਖੜ੍ਹੀ ਫ਼ਸਲ ਦੀ ਬਰਬਾਦੀ ਅਤੇ ਦੇਰੀ ਨਾਲ ਕਣਕ ਦੀ ਬਿਜਾਈ ਫ਼ਸਲੀ ਚੱਕਰ ਨੂੰ ਵੀ ਪ੍ਰਭਾਵਿਤ ਕਰੇਗੀ ।

ਜਦੋਂ ਫ਼ਸਲਾਂ ਦਾ ਨੁਕਸਾਨ ਸਾਫ਼ ਦਿਸ ਰਿਹਾ ਹੈ, ਇਸ ਸੂਰਤ ਵਿੱਚ ਕਿਸਾਨਾਂ ਦੀ ਮਦਦ ਲਈ ਫੌਰੀ ਕਦਮ ਚੁੱਕਣ ਦੀ ਲੋੜ ਹੈ । ਸਰਕਾਰ ਨੂੰ ਸਿਹਤ ਤੋਂ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ । ਹੜ੍ਹ ਦੇ ਪਾਣੀ ਨੇ 1280 ਡਿਸਪੈਂਸਰੀਆਂ ਸਿਹਤ ਤੇਤੰਦਰੁਸਤੀ ਕੇਂਦਰਾਂ, 100 ਤੋਂ ਵੱਧ ਕਮਿਊਨਿਟੀ ਹੈਲਥ ਸੈਂਟਰਾਂ ਅਤੇ 31 ਸਬ ਡਿਵੀਜ਼ਨਲ ਹਸਪਤਾਲ ਪਾਣੀ ਵਿੱਚ ਡੁਬੋ ਦਿੱਤੇ, ਜਿਸ ਨਾਲ ਜ਼ਰੂਰੀ ਸੇਵਾਵਾਂ ਵਿੱਚ ਵਿਘਨ ਪਿਆ ਅਤੇ ਕਈ ਸੌ ਕਰੋੜ ਰੁਪਏ ਦੇ ਯੰਤਰਾਂ ਨੂੰ ਨੁਕਸਾਨ ਪਹੁੰਚਿਆ ਹੈ । ਇਹ ਦੋਹਰਾ ਝਟਕਾ ਹੈ । ਸਿਹਤ ਸੰਭਾਲ ਵਿੱਚ ਰੁਕਾਵਟ ਉਦੋਂ ਪਈ, ਜਦ ਬਿਮਾਰੀਆਂ ਫੈਲਣ ਤੋਂ ਰੋਕਣ ਲਈ ਇਸ ਦੀ ਸਭ ਤੋਂ ਵੱਧ ਲੋੜ ਸੀ ।

ਸਿੱਖਿਆ ਢਾਂਚੇ ਦਾ ਵੀ ਵਿਆਪਕ ਨੁਕਸਾਨ ਹੋਇਆ ਹੈ । ਵੱਖ-ਵੱਖ ਜ਼ਿਲ੍ਹਿਆਂ ਵਿੱਚ ਲਗਭਗ 3,300 ਸਰਕਾਰੀ ਤੇ ਪ੍ਰਾਈਵੇਟ ਸਕੂਲ ਪ੍ਰਭਾਵਿਤ ਹੋਏ ਹਨ । ਹੜ੍ਹਾਂ ਕਾਰਨ ਸਕੂਲ ਬੰਦ ਕਰਨੇ ਪਏ ਅਤੇ ਇਨ੍ਹਾਂ ਵਿੱਚੋਂ ਕਈ ਇਸ ਹੱਦ ਤੱਕ ਨੁਕਸਾਨੇ ਗਏ ਕਿ ਕੁਝ ਹੋਰ ਸਮੇਂ ਲਈ ਕੰਮ ਨਹੀਂ ਕਰ ਸਕਣਗੇ, ਵਿਸ਼ੇਸ਼ ਤੌਰ 'ਤੇ ਗੁਰਦਾਸਪੁਰ, ਫਿਰੋਜ਼ਪੁਰ ਤੇ ਫ਼ਾਜ਼ਿਲਕਾ ਦੇ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ । ਕਈ ਥਾਈਂ ਸਕੂਲ ਇਮਾਰਤਾਂ ਦੀ ਬਣਤਰ ਨੁਕਸਾਨੀ ਗਈ ਹੈ । ਇਉਂ ਹਜ਼ਾਰਾਂ ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਪਿਆ ਹੈ ।

ਪੰਜਾਬ ਦੀ ਆਫ਼ਤ ਪ੍ਰਬੰਧਨ ਯੋਜਨਾ (ਐੱਮ ਡੀ ਐੱਮ ਪੀ) ਜੋਖ਼ਿਮ ਦੇ ਉੱਚੇ ਪੱਧਰ ਕਾਰਨ ਹੜ੍ਹਾਂ ਨੂੰ ਵੱਡੇ ਖ਼ਤਰੇ ਵਜੋਂ ਮਾਨਤਾ ਦਿੰਦੀ ਹੈ । ਇਸ ਦੇ ਕਾਰਨਾਂ ਦੀ ਵੀ ਚੰਗੀ ਤਰ੍ਹਾਂ ਸ਼ਨਾਖ਼ਤ ਕੀਤੀ ਜਾ ਚੁੱਕੀ ਹੈ । ਲਗਭਗ 80 ਫ਼ੀਸਦੀ ਮੀਂਹ ਤਿੰਨ ਮਹੀਨਿਆਂ ਵਿੱਚ ਪੈਂਦਾ ਹੈ ਜੋ ਮੁੱਖ ਫ਼ਸਲੀ ਸੀਜ਼ਨ ਨਾਲ ਮੇਲ ਖਾਂਦੀ ਹੈ । ਬਰਸਾਤੀ ਮੈਦਾਨਾਂ 'ਤੇ ਕਬਜ਼ੇ ਵੱਧੇ ਹਨ, ਪਰ ਉਥੇ ਰਹਿਣ ਵਾਲਿਆਂ ਦੇ ਸਮਾਜਿਕ ਆਰਥਿਕ ਹਾਲਾਤ ਮਾੜੇ ਹਨ, ਕਿਉਂਕਿ ਸਥਾਨਕ ਅਰਥਚਾਰਾ ਮੁੱਖ ਤੌਰ 'ਤੇ ਮੌਨਸੂਨ ਵਾਲੇ ਝੋਨੇ 'ਤੇ ਨਿਰਭਰ ਹੈ । ਹੜ੍ਹ ਦੀ ਸੰਭਾਵਨਾ ਵਾਲੇ ਖੇਤਰਾਂ ਵਿੱਚ ਬਹੁਤ ਘੱਟ ਜਾਂ ਬਿਲਕੁਲ ਵੀ ਜੰਗਲਾਤ ਨਹੀਂ ।

ਬਿਆਸ, ਸਤਲੁਜ, ਰਾਵੀ ਅਤੇ ਕੁਝ ਹੱਦ ਤੱਕ ਘੱਗਰ ਦੀ ਹੜ੍ਹ ਲਿਆਉਣ ਵਾਲੇ ਦਰਿਆਵਾਂ ਵਜੋਂ ਸ਼ਨਾਖ਼ਤ ਕੀਤੀ ਗਈ ਹੈ । ਸਾਲਾਂ ਦੌਰਾਨ ਜਲ ਭੰਡਾਰਾਂ ਅਤੇ ਬੰਨ੍ਹਾਂ ਦੇ ਨਿਰਮਾਣ ਦੁਆਰਾ ਬਿਆਸ, ਸਤਲੁਜ ਤੇ ਰਾਵੀ ਵਿੱਚ ਹੜ੍ਹ ਦੀ ਸਮੱਸਿਆ ਨੂੰ ਘਟਾਇਆ ਗਿਆ ਹੈ, ਪਰ ਜਲ ਭੰਡਾਰਾਂ ਤੋਂ ਵਾਧੂ ਪਾਣੀ ਛੱਡਣ ਅਤੇ ਬੰਨ੍ਹਾਂ ਵਿੱਚ ਦਰਾੜਾਂ ਆਉਣ ਕਾਰਨ ਹੜ੍ਹ ਦਾ ਖ਼ਤਰਾ ਬਣਿਆ ਰਹਿੰਦਾ ਹੈ । ਆਮ ਹਾਲਾਤ ਵਿੱਚ ਪਾਣੀ ਨਾਲ ਜ਼ਮੀਨ ਦੇ ਖੁਰਨ ਦੀ ਸਮੱਸਿਆ ਵੀ ਗੰਭੀਰ ਹੈ । ਲਗਭਗ 60 ਫ਼ੀਸਦੀ ਮਿੱਟੀ ਜੋ ਪਾਣੀ ਨਾਲ ਰੁੜ੍ਹ ਜਾਂਦੀ ਹੈ, ਉਹ ਦਰਿਆਵਾਂ, ਨਾਲਿਆਂ ਅਤੇ ਝੀਲਾਂ ਵਿੱਚ ਬੈਠ ਜਾਂਦੀ ਹੈ, ਜਿਸ ਨਾਲ ਜਲ ਮਾਰਗਾਂ ਵਿੱਚ ਹੜ੍ਹ ਆਉਣ ਦਾ ਖ਼ਦਸ਼ਾ ਵੱਧ ਜਾਂਦਾ ਹੈ, ਤੇ ਨਾਲ ਹੀ ਖਾਦਾਂ ਤੇ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨਾਲ ਜਲ ਨਿਕਾਸ ਪ੍ਰਣਾਲੀਆਂ ਦੂਸ਼ਿਤ ਹੋ ਜਾਂਦੀਆਂ ਹਨ ।

ਬੰਨ੍ਹ ਮਜ਼ਬੂਤ ਕਰਨ, ਨਿਕਾਸੀ ਪ੍ਰਬੰਧ ਸੁਧਾਰਨ, ਨਦੀਆਂ ਵਿੱਚ ਗਾਰ ਕੱਢਣ, ਕਬਜ਼ੇ ਰੋਕਣ, ਪਿੰਡਾਂ ਦੇ ਛੱਪੜ ਸੁਰਜੀਤ ਕਰਨ, ਜਲ ਸੰਭਾਲ ਢਾਂਚਿਆਂ ਦੇ ਨਿਰਮਾਣ ਅਤੇ ਨਹਿਰਾਂ ਤੇ ਦਰਿਆਵਾਂ ਵਿੱਚ ਕੂੜਾ ਸੁੱਟਣ ਤੋਂ ਰੋਕਣ ਵਰਗੇ ਹੜ੍ਹਾਂ ਤੋਂ ਬਚਾਅ ਦੇ ਕਈ ਉਪਾਅ ਦੱਸਣ ਤੋਂ ਇਲਾਵਾ, ਐਮ ਡੀ ਐੱਮ ਪੀ ਨੇ ਬਹੁਤੇ ਹੜ੍ਹ ਦੇ ਜੋਖ਼ਿਮ ਵਾਲੇ ਖੇਤਰਾਂ ਲਈ ਜ਼ਿਲ੍ਹਿਆਂ ਮੁਤਾਬਿਕ ਕਦਮ ਵੀ ਸੁਝਾਏ ਗਏ ।

ਹੜ੍ਹਾਂ ਦੌਰਾਨ ਸਿਹਤ ਕੇਂਦਰਾਂ ਅਤੇ ਸਕੂਲਾਂ ਵਰਗੇ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੇ ਮੱਦੇਨਜ਼ਰ, ਜ਼ਰੂਰੀ ਹੋ ਗਿਆ ਹੈ ਕਿ ਉਸਾਰੀ ਕਰਨ ਅਤੇ ਥਾਂ ਚੁਣਨ ਲੱਗਿਆਂ ਨਵੀਆਂ ਤਕਨੀਕਾਂ ਅਪਨਾ ਕੇ ਉਨ੍ਹਾਂ ਨੂੰ ਸੁਰੱਖਿਅਤ ਬਣਾਇਆ ਜਾਵੇ । ਇਉਂ ਨੁਕਸਾਨ ਘਟਾਇਆ ਜਾ ਸਕਦਾ ਹੈ । ਇਹ ਸਹੂਲਤਾਂ ਕਿਸੇ ਵੀ ਤਰ੍ਹਾਂ ਦੀ ਆਫ਼ਤ ਦੌਰਾਨ ਚਾਲੂ ਰੱਖੀਆਂ ਜਾ ਸਕਦੀਆਂ ਹਨ ।

**ਹੜ੍ਹਾਂ ਦੌਰਾਨ ਸਿਹਤ ਕੇਂਦਰਾਂ ਅਤੇ ਸਕੂਲਾਂ ਵਰਗੇ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੇ ਮੱਦੇਨਜ਼ਰ, ਜ਼ਰੂਰੀ ਹੋ ਗਿਆ ਹੈ ਕਿ ਉਸਾਰੀ ਕਰਨ ਅਤੇ ਥਾਂ ਚੁਣਨ ਲੱਗਿਆਂ ਨਵੀਆਂ ਤਕਨੀਕਾਂ ਅਪਨਾ ਕੇ ਉਨ੍ਹਾਂ ਨੂੰ ਸੁਰੱਖਿਅਤ ਬਣਾਇਆ ਜਾਵੇ । ਇਉਂ ਨੁਕਸਾਨ ਘਟਾਇਆ ਜਾ ਸਕਦਾ ਹੈ । ਇਹ ਸਹੂਲਤਾਂ ਕਿਸੇ ਵੀ ਤਰ੍ਹਾਂ ਦੀ ਆਫ਼ਤ ਦੌਰਾਨ ਚਾਲੂ ਰੱਖੀਆਂ ਜਾ ਸਕਦੀਆਂ ਹਨ ।**

ਕੇਰਲਾ, ਜਿਸ ਨੂੰ ਹਰ ਸਾਲ ਹੜ੍ਹ ਵਰਗੀ ਹਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ, ਨੇ ਆਪਣੇ ਦਿਹਾਤੀ ਸਿਹਤ ਢਾਂਚੇ ਨੂੰ ਆਫ਼ਤਾਂ ਵਿੱਚ ਕਾਇਮ ਰੱਖਣ ਲਈ ਕਦਮ ਚੁੱਕੇ ਹਨ । 2018 ਦੇ ਹੜ੍ਹਾਂ ਵਿੱਚ ਉੱਥੇ 330 ਤੋਂ ਵੱਧ ਸਿਹਤ ਸਹੂਲਤਾਂ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਨੁਕਸਾਨੀਆਂ ਗਈਆਂ ਸਨ । ਪੂਰੀ ਤਰ੍ਹਾਂ ਨੁਕਸਾਨੀਆਂ ਸਿਹਤ ਸਹੂਲਤਾਂ ਨੂੰ ਦੁਬਾਰਾ ਬਣਾਉਣ ਦੌਰਾਨ ਸੂਬਾਈ ਅਥਾਰਿਟੀ ਨੇ ਹਰੇਕ ਸਥਾਨ ਦਾ ਜੋਖ਼ਿਮ ਦੇ ਪੱਖ ਤੋਂ ਵਿਸਥਾਰ ਵਿੱਚ ਮੁਲਾਂਕਣ ਕੀਤਾ, ਡਿਜ਼ਾਈਨ ਵਿੱਚ ਅਹਿਮ ਤਬਦੀਲੀਆਂ ਕੀਤੀਆਂ ਤੇ ਮਜ਼ਬੂਤ ਨਿਰਮਾਣ ਤਕਨੀਕਾਂ ਤੇ ਸਮੱਗਰੀਆਂ ਦੀ ਵਰਤੋਂ ਕੀਤੀ । ਜਿਹੜੇ ਅੰਸ਼ਕ ਤੌਰ 'ਤੇ ਨੁਕਸਾਨੇ ਗਏ, ਉਨ੍ਹਾਂ ਦੀ ਵੀ ਉਸੇ ਤਰ੍ਹਾਂ ਮੁਰੰਮਤ ਕੀਤੀ ਗਈ ।

ਸਿਰਫ਼ ਡਿਜ਼ਾਈਨ ਵਿੱਚ ਹਲਕੀ ਤਬਦੀਲੀ ਦੀ ਲੋੜ ਹੈ । ਉਦਾਹਰਨ ਵਜੋਂ, ਕੇਰਲਾ ਵਿੱਚ ਸਾਰੇ ਪ੍ਰਾਇਮਰੀ ਸਿਹਤ ਕੇਂਦਰ ਪਹਿਲਾਂ ਇੱਕ ਮੰਜ਼ਿਲਾਂ ਸਨ, ਜੋ ਉਨ੍ਹਾਂ ਨੂੰ ਹੜ੍ਹ ਦੇ ਖ਼ਤਰੇ ਦੇ ਘੇਰੇ ਵਿੱਚ ਲਿਆਉਂਦਾ ਸੀ । ਨਵੇਂ ਬਣਾਏ ਜਾ ਰਹੇ ਕੇਂਦਰ ਬਹੁ-ਮੰਜ਼ਿਲਾਂ ਹਨ, ਜਿਨ੍ਹਾਂ ਦੀਆਂ ਉਪਰਲੀਆਂ ਮੰਜ਼ਿਲਾਂ 'ਤੇ ਡਾਇਗਨੌਸਟਿਕ ਯੰਤਰ, ਫਾਰਮੇਸੀ, ਮੈਡੀਕਲ ਰਿਕਾਰਡ ਅਤੇ ਬਿਜਲੀ ਸਪਲਾਈ ਬੈਕਅੱਪ ਰੱਖਿਆ ਜਾਂਦਾ ਹੈ । ਇਉਂ, ਜੇ ਹੜ੍ਹ ਦਾ ਪਾਣੀ ਸਿਹਤ ਕੇਂਦਰ ਵਿੱਚ ਦਾਖ਼ਲ ਵੀ ਹੋ ਜਾਂਦਾ ਹੈ ਤਾਂ ਜ਼ਰੂਰੀ ਯੰਤਰ ਅਤੇ ਰਿਕਾਰਡ ਪਹਿਲੀ ਮੰਜ਼ਿਲ 'ਤੇ ਸੁਰੱਖਿਅਤ ਰਹਿਣਗੇ । ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਦੇ ਹਸਪਤਾਲ ਸੰਬੰਧੀ ਹਿਫ਼ਾਜ਼ਤੀ ਦਿਸ਼ਾ-ਨਿਰਦੇਸ਼ਾਂ ਵਿੱਚ ਇਹ ਸ਼ਰਤ ਹੈ ਕਿ ਦੇਸ਼ ਵਿੱਚ ਹਰੇਕ ਹਸਪਤਾਲ ਸਿਹਤ ਸੰਭਾਲ ਸਹੂਲਤਾਂ ਲਈ ਘੱਟੋ-ਘੱਟ ਲੋੜੀਂਦੇ ਮਿਆਰ ਸਪੱਸ਼ਟ ਕਰੇ ।

ਇਸ ਤੋਂ ਇਲਾਵਾ ਸਾਨੂੰ ਹੜ੍ਹਾਂ ਦੇ ਅਸਰ ਘਟਾਉਣ ਲਈ ਗੈਰ ਢਾਂਚਾਗਤ ਕਦਮ ਚੁੱਕਣ ਦੀ ਲੋੜ ਹੈ; ਜਿਵੇਂ ਜਾਗਰੂਕਤਾ, ਸੰਵੇਦਨਸ਼ੀਲਤਾ ਤੇ ਸਿਖਲਾਈ ਦੁਆਰਾ ਸਥਾਨਕ ਸੰਸਥਾਵਾਂ ਅਤੇ ਭਾਈਚਾਰਿਆਂ ਦੀ ਸਮਰੱਥਾ ਦਾ ਨਿਰਮਾਣ ਕਰਨਾ । ਇਸ ਪ੍ਰਸੰਗ ਵਿੱਚ, ਸਮੁੰਦਰੀ ਤੂਫ਼ਾਨ ਪ੍ਰਭਾਵਿਤ ਉੜੀਸਾ ਦੀ ਆਫ਼ਤ ਦਾ ਖ਼ਤਰਾ ਘਟਾਉਣ ਸੰਬੰਧੀ ਪਹਿਲਕਦਮੀ ਦਾ ਅਧਿਐਨ ਕਰਨਾ ਤੇ ਇਸ ਨੂੰ ਅਪਣਾਉਣਾ ਮਹੱਤਵਪੂਰਨ ਹੈ ।

ਉੜੀਸਾ ਦਾ ਮਾਡਲ, ਜਿਸ ਦੀ ਵਿਸ਼ਵ ਪੱਧਰ 'ਤੇ ਸ਼ਲਾਘਾ ਹੋਈ ਹੈ, ਵਿੱਚ ਸ਼ੁਰੂਆਤੀ ਚਿਤਾਵਨੀ ਪ੍ਰਣਾਲੀਆਂ ਦੀ ਸਥਾਪਨਾ, ਸਮੁੰਦਰੀ ਤੂਫ਼ਾਨ ਤੋਂ ਬਚਾਅ ਲਈ ਬਹੁ-ਮੰਤਵੀ ਪਨਾਹਗਾਰਾਂ ਦਾ ਨਿਰਮਾਣ, ਕਮਿਊਨਿਟੀ ਵਾਲੰਟੀਅਰਾਂ ਨੂੰ ਸਿਖਲਾਈ ਦੇਣਾ, ਤੇਜ਼ੀ ਨਾਲ ਕਾਰਵਾਈ ਕਰਨ ਵਾਲੇ ਬਲਾਂ ਦਾ ਨਿਰਮਾਣ ਕਰਨਾ, ਸਥਾਨਕ ਪ੍ਰਸ਼ਾਸਨ ਦੀ ਮਜ਼ਬੂਤੀ ਅਤੇ ਸਮੁੰਦਰੀ ਤੂਫ਼ਾਨਾਂ ਅਤੇ ਹੜ੍ਹਾਂ ਵਰਗੀਆਂ ਆਫ਼ਤਾਂ ਨੂੰ ਤੇਜ਼ੀ ਨਾਲ ਨਜਿੱਠਣ ਲਈ ਸਥਾਨਕ ਪੱਧਰ ਦੀ ਵਿਕਾਸ ਯੋਜਨਾਬੰਦੀ ਨੂੰ ਆਫ਼ਤ ਪ੍ਰਬੰਧਨ ਨਾਲ ਜੋੜਨਾ ਸ਼ਾਮਿਲ ਹੈ ।

ਗ੍ਰਾਮ ਪੰਚਾਇਤਾਂ, ਮਹਿਲਾ ਸਵੈ ਸਹਾਇਤਾ ਸਮੂਹਾਂ ਆਦਿ ਤੋਂ ਲਏ ਇੱਕ ਲੱਖ ਤੋਂ ਵੱਧ ਵਾਲੰਟੀਅਰਾਂ ਦੇ ਕਾਡਰ ਨੂੰ ਆਫ਼ਤ ਦੇ ਜੋਖ਼ਿਮ ਨੂੰ ਘਟਾਉਣ ਅਤੇ ਬਚਾਅ ਦੇ ਰਾਹਤ ਕਾਰਜਾਂ ਦਾ ਪ੍ਰਬੰਧਨ ਕਰਨ ਲਈ ਸਿਖਲਾਈ ਦਿੱਤੀ ਗਈ ਹੈ । ਲੋਕਾਂ ਤੇ ਸਿਵਲ ਸੁਸਾਇਟੀ ਦੀ ਸ਼ਮੂਲੀਅਤ ਦਾ ਮੁੱਖ ਰੋਲ ਹੈ ।

ਹੜ੍ਹਾਂ ਦੀ ਸਮੱਸਿਆ ਲਈ ਸੰਪੂਰਨ (holistic) ਪਹੁੰਚ ਦੀ ਲੋੜ ਹੈ, ਜੋ ਰੋਕਥਾਮ ਦੇ ਨਾਲ-ਨਾਲ ਜੋਖ਼ਿਮ ਘਟਾਵੇ । ਆਫ਼ਤ ਪ੍ਰਬੰਧਨ ਯੋਜਨਾਵਾਂ ਸਾਡੇ ਕੋਲ ਹਨ, ਵਧੀਆ ਪ੍ਰਣਾਲੀਆਂ ਤੇ ਦਿਸ਼ਾ-ਨਿਰਦੇਸ਼ ਬਣਾਏ ਗਏ ਹਨ ਅਤੇ ਕੇਰਲਾ ਅਤੇ ਉੜੀਸਾ ਵਰਗੇ ਸਫ਼ਲ ਮਾਡਲ ਅਧਿਐਨ ਕਰਨ ਦੇ ਅਪਣਾਉਣ ਲਈ ਉਪਲਬਧ ਹਨ । ਪੰਜਾਬ ਨੂੰ ਬੱਸ ਇਨ੍ਹਾਂ ਨੂੰ ਲਾਗੂ ਕਰਨ ਦੀ ਲੋੜ ਹੈ । ਅਗਲੀ ਆਫ਼ਤ ਆਉਣ ਤੱਕ ਹੱਥ 'ਤੇ ਹੱਥ ਧਰ ਕੇ ਨਹੀਂ ਬੈਠਣਾ ਚਾਹੀਦਾ ।

**ਲੇਖਕ ਵਿਗਿਆਨਕ ਮਾਮਲਿਆਂ ਦਾ ਸਮੀਖਿਆਕਾਰ ਹੈ ।**



# ਬਰਸੀਮ ਵਿੱਚ ਅਮਰਵੇਲ ਦੀ ਸਮੱਸਿਆ ਅਤੇ ਰੋਕਥਾਮ

ਨਵਜੋਤ ਸਿੰਘ ਬਰਾੜ, ਸਿਮਰਜੀਤ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਤਰਨ ਤਾਰਨ,
ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94177-02021, 98140-81108)

ਪੰਜਾਬ ਵਿੱਚ ਬਰਸੀਮ ਹਾੜ੍ਹੀ ਦੀ ਸਭ ਤੋਂ ਮੁੱਖ ਚਾਰੇ ਵਾਲੀ ਫ਼ਸਲ ਹੈ। ਇਸ ਦੀ ਕਾਸ਼ਤ ਲਗਭਗ 2.25 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਜਾਂਦੀ ਹੈ ਅਤੇ ਇਹ ਨਵੰਬਰ ਤੋਂ ਲੈ ਕੇ ਜੂਨ ਦੇ ਅੱਧ ਤੱਕ ਬਹੁਤ ਪੌਸ਼ਟਿਕ ਅਤੇ ਸੁਆਦੀ ਚਾਰੇ ਦੀਆਂ ਕਈ ਕਟਾਈਆਂ ਦੇਣ ਦੀ ਸਮਰੱਥਾ ਰੱਖਦੀ ਹੈ। ਬਰਸੀਮ ਵਿੱਚ ਕਾਸ਼ਨੀ, ਇੱਟਸਿੱਟ, ਜੰਗਲੀ ਹਾਲੋਂ, ਘੂੰਈ ਆਦਿ ਨਦੀਨ ਪਾਏ ਜਾਂਦੇ ਹਨ, ਜਿਸ ਨਾਲ ਫ਼ਸਲ ਦੇ ਵਾਧੇ ਅਤੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਚਾਰੇਦੀ ਗੁਣਵੱਤਾ ਵੀ ਘੱਟਦੀ ਹੈ। ਪਿਛਲੇ ਕੁਝ ਸਾਲਾਂ ਵਿੱਚ ਦੇਖਿਆ ਗਿਆ ਹੈ ਕਿ ਬਰਸੀਮ ਵਿੱਚ ਅਮਰਵੇਲ ਦੀ ਸਮੱਸਿਆ ਬਹੁਤ ਆਉਣ ਲੱਗ ਪਈ ਹੈ, ਜਿਸ ਕਰਕੇ ਬਰਸੀਮ ਦੇ ਚਾਰੇ ਦਾ ਝਾੜ ਤਾਂ ਘਟਦਾ ਹੀ ਹੈ, ਨਾਲ ਚਾਰੇ ਦੀ ਕਟਾਈ ਵਿੱਚ ਵੀ ਸਮੱਸਿਆ ਆਉਂਦੀ ਹੈ।

ਅਮਰਵੇਲ ਇੱਕ ਪੀਲੇ ਰੰਗ ਦੇ ਤਣੇ ਵਾਲਾ (ਪੱਤਿਆਂ ਤੋਂ ਸੱਖਣਾ) ਪਰਜੀਵੀ ਬੂਟਾ/ਨਦੀਨ ਹੈ। ਅਮਰਵੇਲ ਦੇ ਬੀਜਾਂ ਨੂੰ ਉੱਗਣ ਲਈ ਕਿਸੇ ਖਾਸ ਰਸਾਇਣ/ਉਤੇਜਕ ਦੀ ਲੋੜ ਨਹੀਂ ਹੁੰਦੀ। ਇਸ ਦੀ ਪ੍ਰਭਾਵਸ਼ਾਲੀ ਰੋਕਥਾਮ ਕਰਨਾ ਮੁਸ਼ਕਿਲ ਹੈ, ਕਿਉਂਕਿ ਇਸ ਦੇ ਬੀਜ ਸਖ਼ਤ ਹੁੰਦੇ ਹਨ ਅਤੇ ਕਈ ਸਾਲਾਂ ਤੱਕ ਮਿੱਟੀ ਵਿੱਚ ਜੀਵਨ ਰਹਿ ਸਕਦੇ ਹਨ। ਇਸ ਤੋਂ ਇਲਾਵਾ ਮੇਜ਼ਵਾਨ ਅਤੇ ਪਰਜੀਵੀ ਵਿਚਕਾਰ ਲਗਾਅ ਅਤੇ ਸੰਬੰਧ ਦੀ ਪ੍ਰਕਿਰਤੀ ਲਈ ਫ਼ਸਲ ਨੂੰ ਨੁਕਸਾਨ ਪਹੁੰਚਾਏ ਬਿਨਾਂ ਪਰਜੀਵੀ ਨੂੰ ਨਸ਼ਟ ਕਰਨ ਲਈ ਇੱਕ ਬਹੁਤ ਹੀ ਚੋਣਵੇਂ ਨਦੀਨਨਾਸ਼ਕ ਦੀ ਲੋੜ ਹੁੰਦੀ ਹੈ। ਇਸ ਲਈ ਕਈ ਕਾਸ਼ਤਕਾਰੀ ਤਰੀਕੇ ਜਿਵੇਂ ਕਿ ਸਾਫ਼ ਬੀਜ, ਸਟੇਲ ਬੈੱਡ, ਫ਼ਸਲੀ ਵਿਭਿੰਨਤਾ ਆਦਿ ਦਾ ਧਿਆਨ ਰੱਖ ਕੇ ਇਸ ਨਦੀਨ ਦੀ ਸਮੱਸਿਆ ਨੂੰ ਘਟਾਇਆ ਜਾ ਸਕਦਾ ਹੈ।

ਅਮਰਵੇਲ ਦੇ ਬੀਜ ਲੂਸਣ ਤੇ ਬਰਸੀਮ ਵਰਗੀਆਂ ਫ਼ਸਲਾਂ ਦੇ ਬੀਜਾਂ ਵਿੱਚ ਰਲੇ ਹੋਣ ਕਾਰਨ ਖੇਤਾਂ ਵਿੱਚ ਪਹੁੰਚਦੇ ਹਨ। ਸਿੱਟੇ ਵਜੋਂ ਅਮਰਵੇਲ ਦੀ ਜ਼ਿਆਦਾਤਰ ਸਮੱਸਿਆ ਫ਼ਸਲ ਦੇ ਬੀਜ ਅਤੇ ਮਨੁੱਖੀ ਲਾਪਰਵਾਹੀ ਤੋਂ ਪੈਦਾ ਹੁੰਦੀ ਹੈ। ਇਸ ਦਾ ਬੀਜ ਆਮ ਤੌਰ 'ਤੇ ਮਿੱਟੀ ਅਤੇ ਖੇਤੀ ਸੰਦਾਂ ਦੀ ਗਤੀ ਦੁਆਰਾ ਜਾਂ ਜੁੱਤੀਆਂ ਅਤੇ ਟਾਇਰਾਂ ਨਾਲ ਲੱਗੀ ਮਿੱਟੀ ਵਿੱਚ ਜਾਂ ਸੰਕਰਮਿਤ ਬੂਟਿਆਂ ਦੀ ਢੋਆ-ਢੁਆਈ ਰਾਹੀਂ ਫੈਲਦਾ ਹੈ।

**ਸਟੇਲ ਬੈੱਡ** : ਅਨੁਕੂਲ ਹਾਲਤ ਵਿੱਚ ਅਮਰਵੇਲ ਦੇ ਬੀਜ ਮੇਜ਼ਬਾਨ ਬੂਟੇ ਤੋਂ ਬਿਨਾਂ ਉੱਗਦੇ ਹਨ ਅਤੇ ਮੇਜ਼ਵਾਨ ਦੀ ਅਣਹੋਂਦ ਵਿਚ ਅੱਠ ਦਿਨਾਂ ਬਾਅਦ ਬੂਟੇ ਮਰ ਜਾਂਦੇ ਹਨ। ਬੀਜ ਉੱਗਣ ਤੋਂ ਬਾਅਦ ਪਰ ਫ਼ਸਲ ਦੀ ਬਿਜਾਈ ਤੋਂ ਪਹਿਲਾਂ ਵਾਹੀ ਜਾਂ ਗੈਰ-ਚੋਣਵੇਂ ਨਦੀਨਨਾਸ਼ਕਾਂ (ਗਲਾਈਫ਼ੋਸੇਟ ਜਾਂ ਪੈਰਾਕੁਆਟ) ਦਾ ਛਿੜਕਾਅ ਅਮਰਵੇਲ ਦੇ ਹਮਲੇ ਨੂੰ ਘਟਾਉਂਦਾ ਹੈ। ਇਸ ਤੋਂ ਇਲਾਵਾ ਅਮਰਵੇਲ ਛਾਂ ਪ੍ਰਤੀ ਬਹੁਤ ਸੰਵੇਦਨਸ਼ੀਲ ਹੈ। ਇਸ ਲਈ ਫ਼ਸਲ ਉਤਪਾਦਨ ਤਕਨੀਕਾਂ ਜੋ ਫ਼ਸਲ ਵਿਕਾਸ ਦੇ ਪੱਖ ਵਿੱਚ ਹੋਣ ਨੂੰ ਅਪਣਾ ਕੇ ਅਮਰਵੇਲ ਦੇ ਵਾਧੇ ਨੂੰ ਦਬਾਇਆ ਜਾ ਸਕਦਾ ਹੈ। ਹਾਲਾਂਕਿ ਜੇਕਰ ਅਮਰਵੇਲ ਦਾ ਜ਼ੋਰਦਾਰ



ਹਮਲਾ ਫ਼ਸਲ ਦੇ ਚੰਗੀ ਤਰ੍ਹਾਂ ਸਥਾਪਤ ਹੋਣ ਤੋਂ ਪਹਿਲਾਂ ਹੀ ਹੋ ਜਾਵੇ ਤਾਂ ਇਹ ਤਕਨੀਕ ਬੇਅਸਰ ਹੋਵੇਗੀ। ਅਮਰਵੇਲ ਨੂੰ ਉੱਗਣ ਦੇਣ ਅਤੇ ਫਿਰ ਇਸ ਨੂੰ ਖੇਤ ਵਿੱਚ ਵਾਹ ਕੇ ਨਸ਼ਟ ਕਰਨ ਨਾਲ ਕੁਝ ਪੱਧਰ ਤੱਕ ਇਸ 'ਤੇ ਕਾਬੂ ਪਾਇਆ ਜਾ ਸਕਦਾ ਹੈ।

**ਸਰਲ ਤੇ ਪ੍ਰਭਾਵਸ਼ਾਲੀ ਤਰੀਕਾ** : ਹੱਥ ਨਾਲ ਖਿੱਚ ਕੇ ਪੁੱਟਣਾ ਹੈ। ਇਸ ਅਭਿਆਸ ਵਿੱਚ ਪ੍ਰਭਾਵਿਤ ਮੇਜ਼ਬਾਨ ਬੂਟੇ ਨੂੰ ਪਰਜੀਵੀ ਦੇ ਨਾਲ ਖਿੱਚਣਾ ਜ਼ਰੂਰੀ ਹੈ। ਜੇਕਰ ਅਮਰਵੇਲ ਦੇ ਫੁੱਲ ਅਤੇ ਬੀਜ ਪਹਿਲਾਂ ਹੀ ਬਣ ਚੁੱਕੇ ਹੋਣ ਤਾਂ ਖਿੱਚੀ ਗਈ ਸਮੱਗਰੀ ਨੂੰ ਖੇਤ ਵਿੱਚੋਂ ਹਟਾ ਦੇਣਾ ਚਾਹੀਦਾ ਹੈ ਅਤੇ ਅੰਤ ਵਿੱਚ ਸਾੜ ਦੇਣਾ ਚਾਹੀਦਾ ਹੈ।

**ਫ਼ਸਲੀ ਵਿਭਿੰਨਤਾ** : ਆਮ ਤੌਰ 'ਤੇ ਅਮਰਵੇਲ ਘਾਹ ਜਾਤੀ ਦੇ ਮੈਂਬਰਾਂ (ਫ਼ਸਲ ਤੇ ਨਦੀਨ) ਨੂੰ ਪਰਜੀਵੀ ਨਹੀਂ ਬਣਾਉਂਦਾ। ਇਸ ਲਈ ਇਸ ਨੂੰ ਫ਼ਸਲੀ ਵਿਭਿੰਨਤਾ ਦੁਆਰਾ ਪੂਰੀ ਤਰ੍ਹਾਂ ਕਾਬੂ ਕੀਤਾ ਜਾ ਸਕਦਾ ਹੈ। ਅਮਰਵੇਲ ਦੇ ਬੂਟੇ ਕਿਸੇ ਵੀ ਨੇੜਲੇ ਮੇਜ਼ਵਾਨ ਬੂਟੇ ਦੇ ਬਿਨਾਂ ਹੀ ਖੇਤ ਵਿੱਚ ਜੰਮਦੇ, ਉੱਭਰਦੇ ਹਨ ਅਤੇ ਨੇੜੇ ਕੋਈ ਵੀ ਮੇਜ਼ਵਾਨ ਬੂਟਾ ਨਾ ਮਿਲਣ 'ਤੇ ਮਰ ਜਾਂਦੇ ਹਨ। ਅਮਰਵੇਲ ਨੂੰ ਸਾਰੇ ਮੇਜ਼ਵਾਨਾਂ ਤੋਂ ਵਾਂਝਾ ਕਰਨ ਲਈ ਖੇਤ ਵਿੱਚ ਘਾਹ ਜਾਤੀ ਦੀਆਂ ਫ਼ਸਲਾਂ ਵਿੱਚ ਚੌੜੇ ਪੱਤਿਆਂ ਵਾਲੇ ਨਦੀਨਾਂ ਨੂੰ ਪੁੱਟ ਕੇ ਖ਼ਤਮ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਅਮਰਵੇਲ ਨੂੰ ਖੇਤ ਵਿੱਚ ਕੋਈ ਮੇਜ਼ਬਾਨ ਬੂਟਾ ਨਾ ਮਿਲੇ ਅਤੇ ਇਸ ਦਾ ਕੋਈ ਵੀ ਬੂਟਾ ਨਵਾਂ ਬੀਜ ਪੈਦਾ ਨਾ ਕਰ ਸਕੇ। ਹਰ ਸਾਲ ਮੇਜ਼ਬਾਨ ਬੂਟਿਆਂ ਤੋਂ ਬਿਨਾਂ ਮਿੱਟੀ ਵਿੱਚ ਅਮਰਵੇਲ ਬੀਜ ਦਾ ਭੰਡਾਰ ਘੱਟ ਜਾਵੇਗਾ। ਫਿਰ ਵੀ ਅਮਰਵੇਲ ਦੇ ਕੁਝ ਸਖ਼ਤ ਬੀਜ ਆਮ ਤੌਰ 'ਤੇ ਵਿਹਾਰਕ ਰਹਿੰਦੇ ਹਨ ਅਤੇ ਕਈ ਸਾਲਾਂ ਤੱਕ ਸੰਵੇਦਨਸ਼ੀਲ ਫ਼ਸਲਾਂ ਲਈ ਇੱਕ ਸੰਭਾਵੀ ਸਮੱਸਿਆ ਪੇਸ਼ ਕਰਦੇ ਹਨ।

**ਰਸਾਇਣ ਨਿਯੰਤਰਣ** : ਅਮਰਵੇਲ ਇੱਕ ਪਰਜੀਵੀ ਬੂਟਾ ਹੈ। ਜਦ ਤੱਕ ਪ੍ਰਭਾਵਿਤ ਮੇਜ਼ਬਾਨ ਬੂਟਾ ਜੀਵਤ ਹੈ ਅਤੇ ਅਮਰਵੇਲ ਨੇ ਇਸ ਨਾਲ ਆਪਣੇ ਆਪ ਨੂੰ ਜੋੜਿਆ ਹੋਇਆ ਹੈ, ਤਦ ਤੱਕ ਅਮਰਵੇਲ ਸਲਾਮਤ ਹੈ। ਇਸ ਲਈ ਅਮਰਵੇਲ ਲਈ ਕਿਸੇ ਵੀ ਚੋਣਸ਼ੀਲ ਨਦੀਨਨਾਸ਼ਕ ਦੀ ਸਿਫ਼ਾਰਸ਼ ਨਹੀਂ ਹੈ। ਅਮਰਵੇਲ ਦੇ ਖਿੰਡੇ ਹੋਏ ਜਾਂ ਧੋੜੀਆਂ ਵਿੱਚ ਉੱਗੇ ਹੋਏ ਮੇਜ਼ਬਾਨ ਬੂਟਿਆਂ ਨੂੰ ਘੁੱਟ ਕੇ ਨਸ਼ਟ ਕਰਨਾ ਚਾਹੀਦਾ ਹੈ, ਤਾਂ ਕਿ ਅਮਰਵੇਲ ਦੇ ਬੀਜ ਉਤਪਾਦਨ ਅਤੇ ਲਾਗ ਦੇ ਵਿਸਥਾਰ ਨੂੰ ਰੋਕਿਆ ਜਾ ਸਕੇ। ਅਮਰਵੇਲ ਕਈ ਚੰਗੇ ਪੱਤਿਆਂ ਵਾਲੇ ਨਦੀਨਾਂ ਨੂੰ ਵੀ ਪਰਜੀਵੀ ਬਣਾਉਂਦਾ ਹੈ। ਆਮ ਤੌਰ 'ਤੇ ਇਨ੍ਹਾਂ ਨਦੀਨਾਂ ਦਾ ਨਿਯੰਤਰਣ ਅਮਰਵੇਲ ਦੇ ਨਿਯੰਤਰਣ ਵਿੱਚ ਸਹਾਇਤਾ ਕਰ ਸਕਦਾ ਹੈ। ਇਸ ਲਈ ਇਹ ਖ਼ਿਆਲ ਰੱਖਿਆ ਜਾਵੇ ਕਿ ਜਿਨ੍ਹਾਂ ਖੇਤਾਂ ਵਿੱਚ ਬਰਸੀਮ ਵਿੱਚ ਅਮਰਵੇਲ ਦੀ ਸਮੱਸਿਆ ਆਉਂਦੀ ਹੈ, ਉਨ੍ਹਾਂ ਖੇਤਾਂ ਵਿੱਚ ਅਗਲੇ ਕਈ ਸਾਲਾਂ ਲਈ ਜਵੀ ਜਾਂ ਹੋਰ ਘਾਹ ਜਾਤੀ ਦੀ ਫ਼ਸਲ ਦੀ ਬਿਜਾਈ ਕਰ ਲਈ ਜਾਵੇ ਅਤੇ ਖੇਤ ਦੀਆਂ ਵੱਟਾਂ ਤੋਂ ਵੀ ਸਾਰੇ ਚੌੜੇ ਪੱਤੇ ਵਾਲੇ ਨਦੀਨ ਖ਼ਤਮ ਕਰ ਦਿੱਤੇ ਜਾਣ। ਕਿਸਾਨਾਂ ਨੂੰ ਅਮਰਵੇਲ ਦੀ ਸਮੱਸਿਆ ਵਾਲੀ ਬਰਸੀਮ ਦੀ ਫ਼ਸਲ ਦਾ ਬੀਜ ਨਹੀਂ ਰੱਖਣਾ ਚਾਹੀਦਾ ਅਤੇ ਅਗਲੇ ਸਾਲ ਕਿਸੇ ਤਸੱਲੀਬਖ਼ਸ਼ ਸਰੋਤ ਤੋਂ ਨਵਾਂ ਸਾਫ਼ ਅਤੇ ਤਸਦੀਕਸ਼ੁਦਾ ਬੀਜ ਲੈਣਾ ਚਾਹੀਦਾ ਹੈ।

---



# ਇੰਝ ਕਰੋ ਪੌਸ਼ਟਿਕਤਾ ਭਰਪੂਰ ਪਾਲਕ ਦੀ ਕਾਸ਼ਤ

ਹੀਰਾ ਸਿੰਘ ਅਤੇ ਆਰ. ਕੇ. ਢੱਲ,
ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ.,
ਲੁਧਿਆਣਾ (ਮੋ. 950 16-0 1144)

ਪਾਲਕ ਦਾ ਹਰੀਆਂ ਪੱਤੇਦਾਰ ਸਬਜ਼ੀਆਂ ਵਿੱਚ ਅਹਿਮ ਸਥਾਨ ਹੈ। ਇਹ ਪੰਜਾਬ ਵਿੱਚ ਬਹੁਤ ਪ੍ਰਚੱਲਿਤ ਤੇ ਜ਼ਿਆਦਾ ਖਾਣ ਵਾਲੀ ਪੱਤੇਦਾਰ ਹਰੀ ਸਬਜ਼ੀ ਹੈ। ਇਸਦੇ ਪੱਤੇ ਬਹੁਤ ਸਾਰੇ ਲਾਹੇਵੰਦ ਖੁਰਾਕੀ ਤੱਤਾਂ ਨਾਲ ਭਰਪੂਰ ਹੁੰਦੇ ਹਨ। ਇਸ ਤੋਂ ਇਲਾਵਾ ਪਾਲਕ ਵਿੱਚ ਬਹੁਤ ਸਾਰੇ ਲੋੜੀਂਦੇ ਖਣਿਜ ਅਤੇ ਵਿਟਾਮਿਨ ਪਾਏ ਜਾਂਦੇ ਹਨ। ਇਹ ਫਾਈਬਰ ਦਾ ਅਹਿਮ ਸੋਮਾ ਹੈ ਤੇ ਪੇਟ ਨੂੰ ਸਾਫ ਰੱਖਣ ਵਿੱਚ ਪਾਲਕ ਬਹੁਤ ਸਹਾਈ ਹੁੰਦਾ ਹੈ। ਪਾਲਕ ਨੂੰ ਆਪਣੀ ਘਰੇਲੂ ਬਗੀਚੀ ਵਿੱਚ ਜ਼ਰੂਰ ਲਗਾਓ। ਜੇਕਰ ਖਾਲੀ ਜਗ੍ਹਾਂ ਉਪਲਬਧ ਨਾ ਹੋਵੇ ਤਾਂ ਪਾਲਕ ਨੂੰ ਗਮਲਿਆਂ ਵਿੱਚ ਵੀ ਉਗਾਇਆ ਜਾਂ ਲਗਾਇਆ ਜਾ ਸਕਦਾ ਹੈ।

**ਮੌਸਮ ਅਤੇ ਜ਼ਮੀਨ** : ਇਹ ਸਰਦੀ ਰੁੱਤ ਦੀ ਫ਼ਸਲ ਹੈ ਅਤੇ ਕੋਰੇ ਨੂੰ ਬਰਦਾਸ਼ਤ ਕਰ ਸਕਣ ਦੀ ਸਮਰੱਥਾ ਰੱਖਦੀ ਹੈ। ਇਸ ਦੀ ਕਾਸ਼ਤ ਤਕਰੀਬਨ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਕੀਤੀ ਜਾ ਸਕਦੀ ਹੈ ਪਰ ਰੇਤਲੀ ਮੈਰਾ ਜ਼ਮੀਨ ਜਿਸ ਦੀ ਪੀ ਐਚ 7.0 ਹੋਵੇ, ਇਸ ਲਈ ਵਧੇਰੇ ਢੁੱਕਵੀਂ ਹੈ।

**ਕਿਸਮ** :

**ਪੰਜਾਬ ਗਰੀਨ** : ਬੂਟੇ ਅੱਧ ਖੜ੍ਹਵੇਂ, ਪੱਤੇ ਚਮਕਦਾਰ ਤੇ ਗੂੜ੍ਹੇ ਹਰੇ, ਮੋਟੇ, ਲੰਮੇ, ਰਸੀਲੇ ਤੇ ਖਟਾਈ ਰਹਿਤ ਹੁੰਦੇ ਹਨ। ਤਣੇ ਤੇ ਮੱਧਮ ਜਿਹਾ ਜਾਮਨੀ ਰੰਗ ਵੀ ਹੋ ਸਕਦਾ ਹੈ। ਇਹ ਕਿਸਮ ਕਟਾਈ ਲਈ ਬਿਜਾਈ ਤੋਂ 30 ਦਿਨਾਂ ਬਾਅਦ ਤਿਆਰ ਹੋ ਜਾਂਦੀ ਹੈ। ਇਸ ਦੀ ਔਸਤ ਪੈਦਾਵਾਰ ਲਗਭਗ 125 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ। ਇਸ ਨੂੰ ਨਿਸਾਰਾ ਦੇਰ ਬਾਅਦ ਪੈਂਦਾ ਹੈ। ਇਸ ਵਿੱਚ ਔਰਜ਼ੇਲਿਕ ਏਸਿਡ ਨਾਂ ਦਾ ਮਾਦਾ ਜੋ ਕਿ ਪੱਥਰੀ ਪੈਦਾ ਕਰਦਾ ਹੈ, ਘੱਟ ਹੁੰਦਾ ਹੈ।

**ਬਿਜਾਈ ਦਾ ਸਮਾਂ ਤੇ ਬੀਜ ਦੀ ਮਾਤਰਾ** : ਪਾਲਕ ਦੀ ਬਿਜਾਈ ਲਈ ਅਕਤੂਬਰ ਮਹੀਨਾ ਉੱਚਿਤ ਹੈ। ਜ਼ਿਆਦਾ ਗਰਮ ਮੌਸਮ ਵਿੱਚ ਇਸਦੀ ਜੰਮਣ ਸ਼ਕਤੀ ਘੱਟ ਜਾਂਦੀ ਹੈ। ਬਿਜਾਈ ਲਈ 4-5 ਕਿਲੋ ਬੀਜ ਪ੍ਰਤੀ ਏਕੜ ਵਰਤੋਂ। ਪਾਲਕ ਦੇ ਬੀਜ ਦੇ ਜੰਮਣ ਲਈ ਖੇਤ ਚੰਗੀ ਤਰ੍ਹਾਂ ਵਾਹੋ। ਇਸ ਦੀ ਬਿਜਾਈ ਕਤਾਰਾਂ ਵਿੱਚ 20 ਸੈਂਟੀਮੀਟਰ ਫ਼ਾਸਲਾ ਰੱਖਕੇ ਕਰੋ ਅਤੇ ਬੀਜ ਨੂੰ 3-4 ਸੈਂਟੀਮੀਟਰ ਡੂੰਘਾ ਬੀਜੋ।

**ਖਾਦਾਂ** : 10 ਟਨ ਗਲੀ ਸੜੀ ਰੂੜੀ, 35 ਕਿਲੋ ਨਾਈਟ੍ਰੋਜਨ (75 ਕਿੱਲੋ ਯੂਰੀਆ) ਅਤੇ 12 ਕਿੱਲੋ ਫ਼ਾਸਫ਼ੋਰਸ (75 ਕਿੱਲੋ ਸੁਪਰਫ਼ਾਸਫ਼ੇਟ) ਪ੍ਰਤੀ ਏਕੜ ਦੇ ਹਿਸਾਬ ਪਾਓ। ਸਾਰੀ ਰੂੜੀ, ਫਾਸਫੋਰਸ ਤੇ ਅੱਧੀ ਨਾਈਟ੍ਰੋਜਨ ਬਿਜਾਈ ਤੋਂ ਪਹਿਲਾਂ ਹੀ ਜ਼ਮੀਨ ਵਿੱਚ ਪਾ ਦਿਉ। ਬਾਕੀ ਰਹਿੰਦੀ ਨਾਈਟ੍ਰੋਜਨ ਦੋ ਵਾਰੀ ਕਰਕੇ ਕਟਾਈ ਤੋਂ ਬਾਅਦ ਪਾ ਦਿਉ ਤੇ ਪਿੱਛੋਂ ਪਾਣੀ ਲਾ ਦਿਉ।

**ਸਿੰਚਾਈ** : ਪਹਿਲਾਂ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਲਾ ਦਿਓ, ਬਾਅਦ ਵਿੱਚ ਮੌਸਮ ਮੁਤਾਬਕ 8-10 ਦਿਨਾਂ ਦੇ ਵਕਫ਼ੇ ਤੇ ਪਾਣੀ ਲਾਓ।

**ਕਟਾਈ, ਸਾਂਭ-ਸੰਭਾਲ ਅਤੇ ਮੰਡੀਕਰਨ** : ਫ਼ਸਲ ਬਿਜਾਈ ਤੋਂ 3-4 ਹਫ਼ਤੇ ਬਾਅਦ ਕਟਾਈ ਯੋਗ ਹੋ ਜਾਂਦੀ ਹੈ। ਬਾਅਦ ਦੀਆਂ ਕਟਾਈਆਂ 20-25 ਦਿਨਾਂ ਬਾਅਦ ਕਰਨੀਆਂ ਚਾਹੀਦੀਆਂ ਹਨ।

**ਬੀਜ ਉਤਪਾਦਨ** : ਪਾਲਕ ਦੇ ਬੀਜ ਦਾ ਵੱਧ ਝਾੜ ਲੈਣ ਲਈ ਇਸ ਨੂੰ ਅਕਤੂਬਰ ਦੇ ਦੂਸਰੇ ਪੰਦਰਵਾੜੇ ਵਿੱਚ ਬੀਜੋ ਅਤੇ ਇੱਕ ਮਹੀਨੇ ਬਾਅਦ ਇੱਕ ਕਟਾਈ ਕਰਕੇ ਬੀਜ ਉਤਪਾਦਨ ਲਈ ਰੱਖੋ। ਬੀਜ ਉਤਪਾਦਨ ਵਾਲੇ ਖੇਤ ਦਾ ਇਸ ਫ਼ਸਲ ਦੀਆਂ ਦੂਸਰੀਆਂ ਕਿਸਮਾਂ ਨਾਲੋਂ ਘੱਟੋ-ਘੱਟ 1000 ਮੀਟਰ ਦਾ ਫ਼ਾਸਲਾ ਹੋਣਾ ਚਾਹੀਦਾ ਹੈ। ਕਤਾਰਾਂ ਵਿਚਕਾਰ 50 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 30 ਸੈਂਟੀਮੀਟਰ ਦਾ ਫ਼ਾਸਲਾ ਰੱਖੋ। ਪੰਜ ਕਤਾਰਾਂ ਤੋਂ ਬਾਅਦ ਇੱਕ ਕਤਾਰ ਦੀ ਥਾਂ ਛੱਡ ਦਿਓ। ਜੋ ਕਿ ਖੇਤ ਦੇ ਨਿਰੀਖਣ ਕਰਨ ਵਾਸਤੇ ਬਹੁਤ ਜ਼ਰੂਰੀ ਹੈ। ਸ਼ੁੱਧ ਬੀਜ ਦੀ ਪੈਦਾਵਾਰ ਵਾਸਤੇ ਘੱਟੋ-ਘੱਟ ਤਿੰਨ ਵਾਰੀ ਖੇਤ ਦਾ ਨਿਰੀਖਣ, ਬੂਟਿਆਂ ਦੇ ਵਾਧੇ ਸਮੇਂ, ਨਿਸਾਰੇ ਸਮੇਂ ਅਤੇ ਫ਼ਸਲ ਦੀ ਕਟਾਈ ਤੋਂ ਪਹਿਲਾਂ ਕਰੋ। ਕੋਈ ਵੀ ਵਾਧੂ (ਰਹਿੰਦ-ਖੂੰਹਦ) ਅਤੇ ਬਿਮਾਰ ਬੂਟਾ ਪੁੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ। ਪੱਤਿਆਂ ਦੀ ਬਣਤਰ ਵਿੱਚ ਫ਼ਰਕ ਵਾਲੇ ਬੂਟੇ ਅਤੇ ਪਹਿਲਾਂ ਅਤੇ ਦੇਰ ਨਾਲ ਨਿਸਰਨ ਵਾਲੇ ਬੂਟੇ ਵੀ ਪੁੱਟ ਦੇਣੇ ਚਾਹੀਦੇ ਹਨ। ਫ਼ਸਲ ਦੀ ਕਟਾਈ ਦੇਰ ਨਾਲ ਪੱਕਣ ਵਾਲੀਆਂ ਟਾਹਣੀਆਂ ਦੇ ਭੂਰੇ ਰੰਗ ਵਿੱਚ ਤਬਦੀਲ ਹੋਣ ਤੇ ਕਰਨੀ ਚਾਹੀਦੀ ਹੈ। ਕਟਾਈ ਤੋਂ ਬਾਅਦ ਅਤੇ ਬੀਜ ਕੱਢਣ ਤੋਂ ਪਹਿਲਾਂ ਇੱਕ ਹਫ਼ਤੇ ਲਈ ਫ਼ਸਲ ਨੂੰ ਸੁੱਕਣ ਵਾਸਤੇ ਖੇਤ ਵਿੱਚ ਹੀ ਰੱਖੋ।

# ਪਸ਼ੂਆਂ ਵਿੱਚ ਹਲਕਾਅ ਅਤੇ ਬਚਾਅ ਬਾਰੇ ਜਾਣਕਾਰੀ



ਡਾ. ਵਿਸ਼ਾਲ ਦਾਸ,
ਬੀ. ਵੀ. ਐਸ. ਸੀ.
ਐਂਡ ਏ. ਐੱਚ. ਕੇਸੀਵਾਸ,
ਗਡਵਾਸੂ (ਲੁਧਿਆਣਾ)

ਹਲਕਾਅ ਇਕ ਘਾਤਕ ਵਿਸ਼ਾਣੂ ਰੋਗ ਹੈ। ਜਿਹੜਾ ਇਕ ਵਾਇਰਸ ਤੋਂ ਹੁੰਦਾ ਹੈ, ਇਸ ਵਾਇਰਸ ਨੂੰ ਲਾਈਸਾ ਵਾਇਰਸ ਕਿਹਾ ਜਾਂਦਾ ਹੈ, ਜੋ ਕਿ ਹਲਕੇ ਕੁੱਤੇ, ਨਿਉਲੇ ਆਦਿ ਦੇ ਕੱਟਣ ਨਾਲ ਹੁੰਦਾ ਹੈ। ਇਸ ਰੋਗ ਦੇ ਵਿਸ਼ਾਣੂ ਜ਼ਖਮ ਵਿਚ ਕੁਝ ਦੇਰ ਲਈ ਬੇ-ਹਰਕਤ ਹੋ ਜਾਂਦੇ ਹਨ। ਚਮੜੀ ਵਿਚ ਬੇ-ਹਰਕਤ ਰਹਿਣ ਤੋਂ ਬਾਅਦ ਵਿਸ਼ਾਣੂ ਨਸਾਂ ਦੇ ਵਿਚੋਂ ਦੀ ਹੁੰਦੇ ਹੋਏ ਦਿਮਾਗ ਵਿਚ ਪਹੁੰਚ ਜਾਂਦੇ ਹਨ ਅਤੇ ਦਿਮਾਗ ਵਿਚ ਤੰਤੂਆਂ ਨੂੰ ਮਾਰ ਦਿੰਦੇ ਹਨ, ਜਿਸ ਤੋਂ ਬਾਅਦ ਜਾਨਵਰ ਵਿਚ ਹਲਕਾਅ ਦੀਆਂ ਨਿਸ਼ਾਨੀਆਂ ਪੈਦਾ ਹੋ ਜਾਂਦੀਆਂ ਹਨ। ਹਲਕਿਆਂ ਜਾਨਵਰ ਜਿੰਨਾ ਦਿਮਾਗ ਦੇ ਨੇੜੇ ਵੱਢਦਾ ਹੈ, ਓਨਾ ਹੀ ਜਲਦੀ ਹਲਕਾਅ ਹੁੰਦਾ ਹੈ। ਜਿਵੇਂ ਕਿ ਮੂੰਹ ਦੇ ਨੇੜੇ ਮੋਢਿਆਂ ਉੱਤੇ, ਪਸ਼ੂਆਂ ਵਿਚ ਜੋ ਕਿ ਹਲਕੇ ਜਾਨਵਰਾਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ, ਹਮੇਸ਼ਾਂ ਮੂੰਹ ਜਾਂ ਨਾਸਾਂ ਉੱਪਰ ਹਲਕਾਏ ਜਾਨਵਰ ਵੱਢਦੇ ਹਨ। ਦਿਮਾਗ ਵਿਚੋਂ ਫਿਰ ਵਿਸ਼ਾਣੂ, ਨਸਾਂ ਦੇ ਵਿਚੋਂ ਦੀ ਥੁੱਕ ਜਾਂ ਲਾਰ, ਅੱਥਰੂ ਅਤੇ ਦੁੱਧ ਵਾਲੀ ਗ੍ਰੰਥੀ ਵਿਚ ਪਹੁੰਚ ਜਾਂਦੇ ਹਨ ਅਤੇ ਵਿਸ਼ਾਣੂ ਥੁੱਕ ਜਾਂ ਲਾਰ, ਦੁੱਧ ਅਤੇ ਅੱਥਰੂਆਂ ਵਿੱਚ ਆਉਣ ਲੱਗ ਜਾਂਦੇ ਹਨ। ਇਸ ਕਰਕੇ ਥੁੱਕ ਜਾਂ ਲਾਰ ਜ਼ਖਮ 'ਤੇ ਲੱਗਣ ਕਰਕੇ ਵੀ ਹਲਕਾਅ ਹੋ ਜਾਂਦਾ ਹੈ।

### ਕੁੱਤਿਆਂ 'ਚ ਲੱਛਣ

★ ਖਾਣਾ ਛੱਡ ਦਿੰਦੇ ਹਨ, ★ ਥੋੜਾ ਬੁਖਾਰ ਅਤੇ ਇਕਦਮ ਸੁਭਾਅ ਵਿਚ ਅੰਦਰ ਆ ਜਾਂਦਾ ਹੈ, ★ ਮੂੰਹ ਵਿਚੋਂ ਝੱਗ ਵਗਣ ਲੱਗਦੀ ਹੈ, ★ ਲੱਕੜ, ਇੱਟਾਂ ਦੇ ਟੁਕੜੇ ਖਾਣ ਲੱਗ ਜਾਂਦਾ ਹੈ, ★ ਸਿੱਧਾ ਭੱਜਦਾ ਰਹਿੰਦਾ ਹੈ, ਫਿਰ ਜੋ ਚੀਜ਼ ਸਾਹਮਣੇ ਉਸ ਨੂੰ ਵੱਢਣ ਲੱਗਦਾ ਹੈ, ★ ਗਲੇ ਦੇ ਅੰਦਰੂਨੀ ਹਿੱਸੇ ਦਾ ਅਧਰੰਗ ਹੋ ਜਾਂਦਾ ਹੈ, ਜਿਸ ਕਰਕੇ ਕੁੱਤਾ ਖਾਣਾ-ਪੀਣਾ ਛੱਡ ਦਿੰਦਾ ਹੈ, ★ ਮੂੰਹ 'ਚੋਂ ਲਾਰਾਂ ਡਿਗਦੀਆਂ ਰਹਿੰਦੀਆਂ ਹਨ, ★ ਕੁੱਤੇ ਨੂੰ ਪਾਣੀ ਤੋਂ ਡਰ ਲੱਗਣ ਲੱਗ ਜਾਂਦਾ ਹੈ, ਜਿਸ ਨੂੰ ਹਾਈਡ੍ਰੋਫੋਬਿਆ ਕਿਹਾ ਜਾਂਦਾ ਹੈ।

### ਮੱਝਾਂ ਅਤੇ ਗਾਵਾਂ ਵਿਚ ਲੱਛਣ

★ ਖਾਣਾ-ਪੀਣਾ ਛੱਡ ਦਿੰਦੀਆਂ ਹਨ, ★ ਅੜਿੰਗਦੀਆਂ ਰਹਿੰਦੀਆਂ ਹਨ, ★ ਥੋੜ੍ਹਾ-ਥੋੜ੍ਹਾ ਪਿਸ਼ਾਬ ਕਰਦੀਆਂ ਹਨ, ★ ਖੁਰਲੀਆਂ ਨਾਲ ਟੱਕਰ ਮਾਰਨ ਲੱਗਦੀਆਂ ਹਨ ਅਤੇ ਸਿੰਗ ਤੁੜਵਾ ਲੈਂਦੀਆਂ ਹਨ, ★ ਸਿਰ ਛਿੱਲ ਲੈਂਦੀਆਂ ਹਨ, ★ ਜੇਕਰ ਉਨ੍ਹਾਂ ਨੂੰ ਪਾਣੀ ਪੀਣ ਲਈ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਦੇ ਗਲੇ ਦੇ ਅੰਦਰੂਨੀ ਹਿੱਸੇ ਦਾ ਅਧਰੰਗ ਹੋਣ ਕਰਕੇ ਪਾਣੀ ਪੀਤਾ ਨਹੀਂ ਜਾਂਦਾ ਤੇ ਉਨ੍ਹਾਂ ਨੂੰ ਪਾਣੀ ਤੋਂ ਵੀ ਡਰ ਲੱਗਣ ਲੱਗ ਜਾਂਦਾ ਹੈ, ਜਿਸ ਨੂੰ ਹਾਈਡ੍ਰੋਫੋਬਿਆ ਕਿਹਾ ਜਾਂਦਾ ਹੈ।

### ਹਲਕਾਅ ਤੋਂ ਬਚਾਅ

★ ਸਾਰੇ ਤੰਦਰੁਸਤ ਪਸ਼ੂਆਂ ਨੂੰ ਹਲਕਾਅ ਦਾ ਟੀਕਾਕਰਨ ਜ਼ਰੂਰ ਕਰਵਾਓ। ★ ਜੇਕਰ ਕਿਸੇ ਪਸ਼ੂ ਨੂੰ ਹਲਕਿਆ ਜਾਨਵਰ ਵੱਢ ਲੈਂਦਾ ਹੈ ਤਾਂ ਬਿਨਾਂ ਦੇਰੀ ਕੀਤੇ ਆਪਣੇ ਨੇੜਲੇ ਦੇ ਵੈਟਰਨਰੀ ਹਸਪਤਾਲ ਨਾਲ ਰਾਬਤਾ ਕਰੋ। ★ ਜ਼ਖਮ ਤੋਂ ਮਿੱਟੀ ਘੱਟਾ ਉਤਾਰ ਦਿਓ, ਜ਼ਖਮ ਨੂੰ ਸਾਫ ਵੱਗਦੇ ਪਾਣੀ ਨਾਲ ਚੰਗੀ ਤਰ੍ਹਾਂ ਧੋ ਦੇਵੋ ਅਤੇ ਉਸ ਨੂੰ ਟਿੰਚਰ ਆਇਓਡੀਨ ਦੇ ਘੋਲ ਨਾਲ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ। ਧੋਣ ਤੋਂ ਬਾਅਦ ਬੀਟਾਡਿਨ ਦਾ ਮੱਲ੍ਹਮ ਲਾ ਦਿਓ। ★ ਜ਼ਖਮ ਨੂੰ ਖੁੱਲ੍ਹਾ ਛੱਡ ਦੇਣਾ ਚਾਹੀਦਾ ਹੈ। ਟਾਂਕੇ ਨਹੀਂ ਲਾਉਣੇ ਚਾਹੀਦੇ। ★ ਬਿਨਾਂ ਦੇਰੀ ਕੀਤੇ ਤੁਰੰਤ ਨੇੜਲੇ ਵੈਟਰਨਰੀ ਹਸਪਤਾਲ ਜਾ ਕੇ ਪਸ਼ੂ ਦੇ ਵੈਕਸੀਨ ਲਗਵਾਉਣੀ ਸ਼ੁਰੂ ਕਰ ਦਿਓ।

# ਘਰ ਨੂੰ ਕੀੜਿਆਂ ਤੋਂ ਮੁਕਤ ਇੰਜ ਕਰੋ

ਘਰ ਵਿੱਚ ਰੱਖੇ ਸਮਾਨ ਅਤੇ ਅੰਦਰ ਪਾਏ ਜਾਣ ਵਾਲੇ ਕੀੜੇ-ਮਕੌੜਿਆਂ ਵਿੱਚ ਮੱਛਰ, ਮੱਖੀਆਂ, ਕਾਕਰੋਚ, ਖਟਮਲ, ਮੱਖੀਆਂ, ਭਰਿੰਡਾਂ, ਸੁਸਰੀ, ਢੋਰਾ, ਕੱਪੜਿਆਂ ਦਾ ਪਤੰਗਾ, ਸਿਉਂਕ ਆਦਿ ਆਮ ਪਾਏ ਜਾਂਦੇ ਹਨ। ਇਹ ਖਾਣ-ਪੀਣ ਵਾਲੇ ਪਦਾਰਥਾਂ ਨੂੰ ਤਾਂ ਖਰਾਬ ਕਰਦੇ ਹੀ ਹਨ, ਨਾਲ ਹੀ ਕਈ ਬਿਮਾਰੀਆਂ ਦਾ ਵੀ ਕਾਰਨ ਬਣਦੇ ਹਨ ਜਿਵੇਂ ਕਿ ਹੈਜ਼ਾ, ਉਲਟੀਆਂ, ਟਾਈਫਾਈਡ, ਮਲੇਰੀਆ, ਡੇਂਗੂ, ਖਾਰਸ਼, ਜਲਣ, ਸੋਜਿਸ਼, ਧੱਫੜ ਆਦਿ। ਇਸ ਲਈ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਅਤੇ ਪਰਿਵਾਰ ਦੀ ਚੰਗੀ ਸਿਹਤ ਲਈ ਇਨ੍ਹਾਂ ਦਾ ਖਾਤਮਾ ਬਹੁਤ ਜ਼ਰੂਰੀ ਹੈ। ਇਸ ਲਈ ਸਮੇਂ-ਸਮੇਂ ਸਿਰ ਕੀੜਿਆਂ ਦਾ ਨਿਰੀਖਣ ਕਰਦੇ ਰਹੋ। ਫਿਰ ਕੀੜੇ ਦੀ ਸਹੀ ਪਹਿਚਾਣ ਕਰੋ। ਕੀੜਿਆਂ ਦੇ ਵਾਧੇ ਲਈ ਅਨੁਕੂਲ ਵਾਤਾਵਰਣ ਨਾ ਦੇਣਾ ਇਹਨਾਂ ਦੀ ਰੋਕਥਾਮ ਲਈ ਸਭ ਤੋਂ ਪਹਿਲਾ ਕਦਮ ਹੈ।

**ਹੇਠ ਲਿਖੀਆਂ ਸਾਵਧਾਨੀਆਂ ਵਰਤ ਕੇ ਅਸੀਂ ਆਪਣੇ ਘਰ ਅਤੇ ਆਲੇ-ਦੁਆਲੇ ਨੂੰ ਕੀੜਿਆਂ ਤੋਂ ਮੁਕਤ ਰੱਖ ਸਕਦੇ ਹਾਂ :**

1. ਘਰ ਦੇ ਅੰਦਰ ਅਤੇ ਬਾਹਰ ਚੰਗੀ ਤਰ੍ਹਾਂ ਸਫ਼ਾਈ ਰੱਖੋ ਤਾਂ ਜੋ ਦੁਰਗੰਧ, ਕੀੜੇ-ਮਕੌੜੇ ਅਤੇ ਉੱਲ੍ਹੀ ਲੱਗਣ ਤੋਂ ਘਰ ਦੇ ਕੀਮਤੀ ਸਮਾਨ ਨੂੰ ਬਚਾਇਆ ਜਾ ਸਕੇ।
2. ਘਰ ਵਿੱਚ ਪਿਆ ਫਾਲਤੂ ਅਤੇ ਵਰਤੋਂ ਵਿੱਚ ਨਾ ਆਉਣ ਵਾਲਾ ਸਮਾਨ ਸਮੇਂ-ਸਮੇਂ 'ਤੇ ਰੱਦੀ ਵਿੱਚ ਵੇਚਦੇ ਰਹੋ।
3. ਰਸੋਈ ਜਾਂ ਕਮਰਿਆਂ ਵਿੱਚ ਫਰਸ਼ਾਂ ਅਤੇ ਕੰਧਾਂ 'ਤੇ ਕੋਈ ਵੀ ਦਰਾਰ ਜਾਂ ਮੋਰੀ ਹੋਵੇ ਤਾਂ ਸੀਮਿੰਟ ਜਾਂ ਪਲਸਟਰ ਆਫ ਪੈਰਿਸ ਦੇ ਘੋਲ ਨਾਲ ਭਰ ਦਿਓ ਤਾਂ ਕਿ ਕੀੜੇ-ਮਕੌੜੇ ਜਾਂ ਚੂਹਿਆਂ ਆਦਿ ਲਈ ਲੁੱਕਣ ਦੀ ਥਾਂ ਨਾ ਰਹੇ।
4. ਅਨਾਜ ਅਤੇ ਦਾਲਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ, ਧੁੱਪ ਲਵਾ ਕੇ ਹਵਾ ਰਹਿਤ ਡੱਬਿਆਂ ਜਾਂ ਡਰੰਮਾਂ ਵਿੱਚ ਬੰਦ ਕਰਕੇ ਸੁੱਕੀ ਜਗ੍ਹਾਂ 'ਤੇ ਸਟੋਰ ਕਰੋ।
5. ਘਰ ਦੇ ਆਲੇ-ਦੁਆਲੇ ਕਿਤੇ ਵੀ ਪਾਣੀ ਇਕੱਠਾ ਨਾ ਹੋਣ ਦਿਉ, ਕਿਉਂਕਿ ਖੜ੍ਹੇ ਪਾਣੀ ਵਿੱਚ ਰੋਗ ਫੈਲਾਉਣ ਵਾਲੇ ਮੱਛਰ ਪੈਦਾ ਹੁੰਦੇ ਹਨ। ਕੂਲਰਾਂ ਦੀਆਂ ਟੈਂਕੀਆਂ ਨੂੰ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰੀ ਪਾਣੀ ਕੱਢ ਕੇ ਸਾਫ਼ ਕਰੋ ਤਾਂ ਕਿ ਖੜੇ ਪਾਣੀ ਵਿੱਚੋਂ ਸੜਾਂਦ ਅਤੇ ਮੱਛਰ ਪੈਦਾ ਨਾ ਹੋਣ।
6. ਭਾਂਡੇ ਧੋਣ ਵਾਲੇ ਅਤੇ ਗੁਸਲਖਾਨਿਆਂ ਦੇ ਖੁਰੇ ਵੀ ਚੰਗੀ ਤਰ੍ਹਾਂ ਸਾਫ਼ ਰੱਖੋ।
7. ਘਰ ਅੰਦਰਲੀਆਂ ਅਤੇ ਬਾਹਰਲੀਆਂ ਨਾਲੀਆਂ ਵੀ ਸਾਫ਼ ਰੱਖੋ। ਇਹਨਾਂ ਵਿਚਲੀ ਗੰਦਗੀ ਵੀ ਕਾਕਰੋਚਾਂ ਅਤੇ ਹੋਰ ਕੀੜਿਆਂ ਨੂੰ ਸੱਦਾ ਦਿੰਦੀ ਹੈ।
8. ਅਲਮਾਰੀਆਂ ਵਿੱਚ ਸਿੱਲ ਨਾ ਪੈਦਾ ਹੋਣ ਦਿਉ। ਘੱਟੋ-ਘੱਟ ਮਹੀਨੇ ਵਿੱਚ ਇੱਕ ਵਾਰੀ ਅਲਮਾਰੀਆਂ ਅੰਦਰ ਵਿਛੀਆਂ ਅਖ਼ਬਾਰਾਂ ਬਦਲ ਦਿਉ।
9. ਘਰ ਦੇ ਆਲੇ-ਦੁਆਲਿਓਂ ਵਾਧੂ ਘਾਹ ਅਤੇ ਬੂਟੇ ਪੁੱਟ ਦਿਉ।
10. ਵਾਧੂ ਬਾਲਣ ਨੂੰ ਘਰ ਤੋਂ ਦੂਰ ਸੰਭਾਲੋ।

**ਘਰੇਲੂ ਕੀੜਿਆਂ ਦੀ ਬਹੁਪੱਖੀ ਰੋਕਥਾਮ :**

1. ਕੀੜੀਆਂ ਤੋਂ ਬਚਾਅ ਲਈ ਪਹਿਲਾਂ ਇਹ ਦੇਖੋ ਕਿ ਕਿਸ ਚੀਜ਼ ਉੱਤੇ ਕੀੜੀਆਂ ਆ ਰਹੀਆਂ ਹਨ, ਉਸ ਨੂੰ ਹਟਾ ਦਿਉ ਅਤੇ ਕੀੜੀਆਂ ਤੋਂ ਬਚਾਅ ਲਈ ਤੁਸੀਂ ਪਾਣੀ ਭਰੇ ਠੂਲਿਆਂ ਦਾ ਇਸਤੇਮਾਲ ਵੀ ਕਰ ਸਕਦੇ ਹੋ।
2. ਖਟਮਲ ਦੀ ਰੋਕਥਾਮ ਵਾਸਤੇ ਗੱਦਿਆਂ ਨੂੰ ਚੰਗੀ ਤਰ੍ਹਾਂ ਧੁੱਪ ਲਗਵਾਉ।
3. ਕਾਰਪੈਂਟਰ ਮੱਖੀ ਦੀ ਰੋਕਥਾਮ ਲਈ ਲੱਕੜ ਦਾ ਸਮਾਨ ਚੰਗੀ ਤਰ੍ਹਾਂ ਪੇਂਟ ਅਤੇ ਵਾਰਨਿਸ਼ ਕਰੋ। ਮੱਖੀ ਦੁਆਰਾ ਕੀਤੀਆਂ ਸੁਰੰਗਾਂ ਵਿੱਚ ਤਾਰਾਂ ਨੂੰ ਪਾ ਕੇ ਇਸ ਦਾ ਖ਼ਾਤਮਾ ਕੀਤਾ ਜਾ ਸਕਦਾ ਹੈ। ਇਸ ਦੇ ਹਮਲੇ ਸਮੇਂ ਮੋਰੀਆਂ ਵਿੱਚ ਕੀਟਨਾਸ਼ਕਾਂ ਦਾ ਧੂੜਾ ਧਰ ਕੇ 24 ਘੰਟੇ ਬਾਅਦ ਮੋਰੀਆਂ ਬੰਦ ਕਰ ਦਿਉ।
4. ਮੱਖੀਆਂ ਨੂੰ ਭਜਾਉਣ ਵਾਸਤੇ ਘਰ ਅੰਦਰ ਨਿੰਮ ਤੋਂ ਤਿਆਰ ਕੀਟਨਾਸ਼ਕਾਂ ਦਾ ਛਿੜਕਾਅ ਕੀਤਾ ਜਾ ਸਕਦਾ ਹੈ। ਕੂੜੇਦਾਨ ਦਾ ਢੱਕਣ ਚੰਗੀ ਤਰ੍ਹਾਂ ਬੰਦ ਹੋਣਾ ਚਾਹੀਦਾ ਹੈ। ਬਾਜ਼ਾਰ ਤੋਂ ਮਿਲਦੇ ਲਾਈਟ ਟਰੈਪ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।
5. ਜੂੰਆਂ ਦੀ ਰੋਕਥਾਮ ਵਾਸਤੇ ਚੰਗੇ ਸਾਬਣ ਅਤੇ ਗਰਮ ਪਾਣੀ ਦੀ ਵਰਤੋਂ ਕਰੋ। ਇੱਕ ਦੂਸਰੇ ਦਾ ਕੰਘਾ ਨਾ ਵਰਤੋ। 2% ਮੈਲਾਥੀਨ ਪਾਊਡਰ ਜਾਂ 1% ਲੈਨਡੇਨ ਜੂੰ ਨੂੰ ਮਾਰਨ ਲਈ ਅਸਰਦਾਰ ਹਨ।
6. ਮੱਛਰਾਂ ਦੀ ਰੋਕਥਾਮ ਵਾਸਤੇ 0.25% ਮੈਲਾਥੀਨ ਵਰਤੋ।
7. ਸਿਉਂਕ ਦੀ ਰੋਕਥਾਮ ਲਈ ਇਮਾਰਤ ਦੀ ਉਸਾਰੀ ਵੇਲੇ ਸੀਮਿੰਟ ਵਿੱਚ 0.5% ਕਲੋਰੋਪਾਈਰੀਫਾਸ ਦੀ ਵਰਤੋਂ ਕਰੋ। ਇਸ ਦਾ ਛਿੜਕਾਅ 5 ਲੀਟਰ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਕਰੋ।
8. ਕੀੜੀਆਂ, ਕਾਕਰੋਚ ਅਤੇ ਟਿੱਡੀਆਂ ਨੂੰ ਮਾਰਨ ਲਈ 0.5% ਕਲੋਰੋਪਾਈਰੀਫਾਸ ਪਾਉ।
9. ਵੈਕਯੂਮ ਕਲੀਨਰ ਨਾਲ ਹੀ ਰਸੋਈ ਵਿੱਚ ਲੁੱਕੇ ਕਾਕਰੋਚਾਂ ਅਤੇ ਇਨ੍ਹਾਂ ਦੇ ਅੰਡਿਆਂ ਦਾ ਸਫਾਇਆ ਕੀਤਾ ਜਾ ਸਕਦਾ ਹੈ।
10. ਮੱਖੀਆਂ ਵਾਸਤੇ ਕੁਝ ਚੇਪੂ ਟੇਪਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।
11. ਉਪਰੋਕਤ ਤਰੀਕਿਆਂ ਤੋਂ ਬਿਨਾਂ ਕੀਟਨਾਸ਼ਕਾਂ ਦੇ ਛਿੜਕਾਅ, ਬੇਟ, ਗਰੋਥ ਰੈਗੂਲੇਟਰ, ਧੂੜੇ ਆਦਿ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

**ਕੀੜੇ-ਮਕੌੜਿਆਂ ਦੀ ਰੋਕਥਾਮ ਲਈ ਦੇਸੀ ਵਿਧੀਆਂ :**

1. ਅਲਮਾਰੀਆਂ ਦੀਆਂ ਸੈਲਫਾਂ ਉੱਪਰ ਪੁਰਾਣੇ ਅਖ਼ਬਾਰ ਵਿਛਾ ਕੇ ਰੱਖੋ। ਇਹ ਗਰਮੀ ਸੋਖ ਲੈਂਦੇ ਹਨ ਅਤੇ ਇਹਨਾਂ ਦੀ ਸਿਆਹੀ ਦੀ ਗੰਧ ਕੀੜਿਆਂ ਤੋਂ ਵੀ ਬਚਾਅ ਕਰਦੀ ਹੈ। ਸਿੱਲ ਤੋਂ ਬਚਾਅ ਲਈ ਖੂੰਜਿਆਂ ਵਿੱਚ ਚਾਕ ਵੀ ਰੱਖ ਸਕਦੇ ਹੋ।
2. ਅਖ਼ਬਾਰਾਂ ਹੇਠ ਸੁੱਕੇ ਨਿੰਮ ਦੇ ਪੱਤੇ ਵਿਛਾ ਲਉ। ਮਲਮਲ ਦੇ ਕੱਪੜੇ ਵਿੱਚ ਮੁਸ਼ਕ ਕਾਫ਼ੂਰ ਦੀਆਂ ਟਿੱਕੀਆਂ, ਸੁੱਕੀਆਂ ਲਾਲ ਮਿਰਚਾਂ, ਲੌਂਗ ਆਦਿ ਲਪੇਟ ਕੇ ਰੱਖ ਸਕਦੇ ਹੋ।
3. ਘਰ ਵਿੱਚ ਕਾਕਰੋਚ ਅਤੇ ਹੋਰ ਕੀੜਿਆਂ ਦੀ ਰੋਕਥਾਮ ਲਈ ਹਫ਼ਤੇ ਵਿੱਚ ਇੱਕ ਵਾਰੀ ਰਾਤ ਨੂੰ ਸੌਣ ਤੋਂ ਪਹਿਲਾਂ ਉਬਲਦੇ ਪਾਣੀ ਦੇ ਜੱਗ ਵਿੱਚ ਇੱਕ ਕੱਪ ਮਿੱਟੀ ਦਾ ਤੇਲ ਪਾ ਕੇ ਰਸੋਈ ਅਤੇ ਗੁਸਲਖਾਨਿਆਂ ਦੇ ਖੂੰਜਿਆਂ ਵਿੱਚ ਪਾਉ।
4. ਦਰਵਾਜ਼ਿਆਂ ਅਤੇ ਕਮਰਿਆਂ ਦੇ ਖੂੰਜਿਆਂ ਵਿੱਚ ਮਿੱਟੀ/ਤਾਰਪੀਨ ਦੇ ਤੇਲ ਦਾ ਛਿੜਕਾਅ ਕਰੋ ਤਾਂ ਜੋ ਬਰਸਾਤੀ ਕੀੜਿਆਂ ਜਿਵੇਂ ਕਿ ਕਾਕਰੋਚ, ਟਿੱਡੀਆਂ, ਕੀੜੀਆਂ, ਮੱਕੜੀਆਂ ਆਦਿ ਤੋਂ ਛੁਟਕਾਰਾ ਮਿਲ ਸਕੇ।
5. ਰਸੋਈ ਦੀਆਂ ਅਲਮਾਰੀਆਂ ਅਤੇ ਫਰਿੱਜਾਂ ਦੀ ਰਬੜ ਵਿੱਚ ਬੋਰਿਕ ਪਾਊਡਰ ਦਾ ਧੂੜਾ ਦਿਉ।
6. ਕਣਕ ਅਤੇ ਮੱਕੀ ਵਿੱਚ ਅਸੀਂ ਨਿੰਮ ਦੇ ਪੱਤਿਆਂ, ਲੱਸਣ ਅਤੇ ਮੇਥੀ ਨੂੰ ਸੁਕਾ ਕੇ ਮਲਮਲ ਦੇ ਕੱਪੜੇ ਵਿੱਚ ਬੰਨ੍ਹ ਕੇ ਅਨਾਜ ਦੀਆਂ ਪਰਤਾਂ ਵਿੱਚ ਰੱਖ ਸਕਦੇ ਹਾਂ। ਪੰਜ ਕੁਇੰਟਲ ਅਨਾਜ ਵਿੱਚ 225 ਗ੍ਰਾਮ ਹਿੰਗ ਨੂੰ ਮਲਮਲ ਦੇ ਕੱਪੜੇ ਵਿੱਚ ਬੰਨ ਕੇ ਵੀ ਅਨਾਜ ਦੀਆਂ ਪਰਤਾਂ ਵਿੱਚ ਰੱਖ ਸਕਦੇ ਹਾਂ।
7. ਚੌਲਾਂ ਵਿੱਚ ਕਲੀ ਦੇ ਡਲ੍ਹੇ (100 ਗ੍ਰਾਮ ਪ੍ਰਤੀ ਕਿਲੋ) ਅਤੇ ਇੱਕ ਚਮਚ ਸਰ੍ਹੋਂ ਦਾ ਤੇਲ, ਇੱਕ ਚੁਟਕੀ ਹਲਦੀ ਪ੍ਰਤੀ ਕਿਲੋ ਮਿਲਾ ਕੇ ਚੌਲਾਂ ਉੱਪਰ ਮਲਣ ਨਾਲ ਕੀੜਿਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ। ਲੱਸਣ, ਨਿੰਮ ਦੇ ਪੱਤੇ ਰੱਖ ਕੇ ਅਤੇ 5 ਕਿਲੋ ਚੌਲਾਂ ਵਿੱਚ ਅੱਧਾ ਕਿਲੋ ਨਮਕ ਪਾ ਕੇ ਵੀ ਸੁਸਰੀ ਆਦਿ ਤੋਂ ਬਚਾਅ ਕੀਤਾ ਜਾ ਸਕਦਾ ਹੈ।
8. ਕਾਲੇ ਛੋਲਿਆਂ ਵਿੱਚ ਕੱਕਾ ਰੇਤਾ ਅਤੇ ਚਿੱਟੇ ਛੋਲਿਆਂ ਵਿੱਚ ਲੱਕੜੀ ਦਾ ਬੂਰਾ ਸੁਕਾ ਕੇ ਪਾਉਣ ਨਾਲ ਕੀੜਿਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।
9. ਇੱਕ ਕਿਲੋ ਰਾਜਮਾਂਹ ਵਾਸਤੇ ਚੌਥਾ ਹਿੱਸਾ ਲੂਣ ਪਾ ਕੇ ਕੀੜਿਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

**ਕੀਟਨਾਸ਼ਕਾਂ ਦੇ ਛਿੜਕਾਅ ਸਮੇਂ ਸਾਵਧਾਨੀਆਂ :**

1. ਹਮੇਸ਼ਾਂ ਸਿਫਾਰਿਸ਼ ਕੀਤੇ ਕੀਟਨਾਸ਼ਕ ਹੀ ਵਰਤੋ।
2. ਦਵਾਈ ਦੇ ਲੇਬਲ ਉੱਤੇ ਲਿਖੀਆਂ ਸਾਵਧਾਨੀਆਂ ਦੀ ਪਾਲਣਾ ਕਰੋ।
3. ਕੀਟਨਾਸ਼ਕਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।
4. ਕੀਟਨਾਸ਼ਕਾਂ ਨੂੰ ਕਦੇ ਵੀ ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਕੋਲ ਨਾ ਰੱਖੋ।
5. ਲੋੜੀਂਦੇ ਬਚਾਅ ਵਾਲੇ ਕੱਪੜੇ, ਢੰਗਾਂ ਜਾਂ ਜੁਗਤਾਂ ਦੀ ਵਰਤੋਂ ਕਰੋ। ਕੀਟਨਾਸ਼ਕਾਂ ਦੀ ਵਰਤੋਂ ਉਸ ਸਮੇਂ ਕਰੋ, ਜਦੋਂ ਘਰ ਕੋਈ ਨਾ ਹੋਵੇ ਅਤੇ ਕਮਰਿਆਂ ਨੂੰ ਹਵਾ ਬੰਦ ਕਰ ਦਿਉ।
6. ਛਿੜਕਾਅ ਕੀਤੇ ਥਾਂ ਉੱਤੇ ਹੱਥ ਨਾ ਲਗਾਉ। ਛਿੜਕਾਅ ਤੋਂ ਬਾਅਦ ਆਪਣੇ ਹੱਥ ਚੰਗੀ ਤਰ੍ਹਾਂ ਪਾਣੀ ਨਾਲ ਧੋ ਲਉ। ਕੀਟਨਾਸ਼ਕ ਦੇ ਲੇਬਲ ਉੱਤੇ ਲਿਖੇ ਨਿਰਧਾਰਤ ਸਮੇਂ 'ਤੇ ਹੀ ਕਮਰਿਆਂ ਵਿੱਚ ਦਾਖਲ ਹੋਵੋ।
7. ਦਵਾਈ ਦੇ ਖਾਲੀ ਡੱਬਿਆਂ ਨੂੰ ਚੰਗੀ ਤਰ੍ਹਾਂ ਨਸ਼ਟ ਕਰ ਦਿਉ।

- ਡਾ. ਅਰਸ਼ਦੀਪ ਕੌਰ ਅਤੇ
ਡਾ. ਪਰਮਿੰਦਰ ਕੌਰ,
ਕ੍ਰਿਸ਼ੀ ਵਿਗਿਆਨ ਕੇਂਦਰ, ਮੋਗਾ

# ਹੜ੍ਹਾਂ ਦੀ ਮਾਰ

## ਮੁੜ ਇਤਿਹਾਸ ਸਿਰਜ ਰਿਹਾ ਪੰਜਾਬ

ਗੋਪਾਲ ਸਿੰਘ ਸਿੱਧੂ
ਮੋ. 99148-11835

ਜੇਕਰ ਘਰ ਵਿੱਚ ਪਾਣੀ ਵੜ ਗਿਆ ਹੁੰਦਾ, ਗਹਿਣਾ ਗੱਟਾ ਹੜ੍ਹ ਗਿਆ ਹੁੰਦਾ, ਘਰ ਵਿੱਚ ਪਏ ਟੀ ਵੀ, ਫਰਿੱਜ, ਕੁਰਸੀਆਂ, ਮੇਜ਼, ਪੇਟੀਆਂ, ਅਲਮਾਰੀਆਂ, ਬੈੱਡ, ਸੋਫੇ, ਸਕੂਟਰ, ਮੋਟਰਸਾਈਕਲ, ਗੱਡੀਆਂ, ਕਾਗਜ਼ ਪੱਤਰ, ਕੱਪੜੇ, ਭਾਂਡੇ, ਕਿਤਾਬਾਂ, ਪਾਈ-ਪਾਈ ਜੋੜ ਕੇ ਬਣਾਇਆ ਘਰ ਦਾ ਸਮਾਨ ਪਾਣੀ ਵਿੱਚ ਗਲ ਗਿਆ ਹੁੰਦਾ, ਪਸ਼ੂ-ਡੰਗਰ ਵੀ ਮਰ ਗਏ ਹੁੰਦੇ ਤਾਂ ਹੜ੍ਹ ਆਉਣ ਦੀ ਪੀੜ ਮਹਿਸੂਸ ਕਰ ਸਕਦਾ । ਫ਼ਿਲਹਾਲ ਮੇਰੇ ਕੋਲ ਹਮਦਰਦੀ ਜਤਾਉਣ, ਚਵਾਨੀ ਕੁ ਦਾਨ ਦੇਣ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਤੋਂ ਇਲਾਵਾ ਕੁਝ ਨਹੀਂ । ਪਾਣੀ ਪਿੰਡਾਂ ਵਿੱਚ ਭਰਨ ਦੇ ਨਾਲ-ਨਾਲ



ਭਾਵੇਂ ਪੰਜਾਬੀਆਂ ਦੀਆਂ ਅੱਖਾਂ ਵਿੱਚ ਵੀ ਆ ਗਿਆ ਹੈ, ਪਰ ਇਸ ਦੇ ਬਾਵਜੂਦ ਇਹ ਪੰਜਾਬੀਆਂ ਦੇ ਹੌਂਸਲੇ ਨੂੰ ਨਾ ਗਾਲ ਸਕਿਆ, ਨਾ ਡੁਬੋ ਸਕਿਆ ਤੇ ਨਾ ਹੀ ਮਾਰ ਸਕਿਆ, ਪੰਜਾਬੀਆਂ ਦੀ ਚੜ੍ਹਦੀ ਕਲਾ, ਜੁਰਅਤ ਤੇ ਮੜਕ, ਤੋਰ ਤੇ ਟੌਰ, ਲੋਰ ਤੇ ਜ਼ੋਰ, ਸੱਚ ਨਾਲ ਖੜ੍ਹਨ, ਸੱਚ ਪਿੱਛੇ ਅੜਨ, ਹਾਰ ਨਾਲ ਲੜਨ ਵਾਲੀ ਪੰਜਾਬੀਆਂ ਦੀ ਭਾਵਨਾ ਅਜੇ ਵੀ ਕਾਇਮ ਹੈ ।

ਵਰ੍ਹਾ 2020 ਕਿਸਾਨ ਅੰਦੋਲਨ ਫਤਿਹ ਦੀ ਯਾਦ ਦਿਵਾਉਂਦਿਆਂ ਪੰਜਾਬ ਇੱਕ ਵਾਰ ਫਿਰ ਜਿਊਂਦੀ ਜਾਗਦੀ ਮਿਸਾਲ ਪੈਦਾ ਕਰ ਕੇ ਸਿਰਜ ਰਿਹਾ ਹੈ, ਜੋ ਹਸ਼ਰਾਂ ਤੱਕ ਮਿਟਾਇਆ ਨਹੀਂ ਜਾ ਸਕਦਾ । ਇਸ ਦਾ ਸਬੂਤ ਭਾਵੇਂ ਕਿਸ਼ਤੀਆਂ ਰਾਹੀਂ ਜਾਂ ਕਿਸੇ ਵੀ ਹੀਲੇ-ਵਸੀਲੇ ਹੜ੍ਹ ਮਾਰਿਆਂ ਤੱਕ ਪਹੁੰਚਣ ਵਾਲੇ ਅਤੇ ਉਨ੍ਹਾਂ ਤੱਕ ਕਿਸੇ ਵੀ ਤਰ੍ਹਾਂ ਦੀ ਮਦਦ ਪਹੁੰਚਾ ਰਹੇ ਦਾਨੀ ਸੱਜਣ, ਜਿਨ੍ਹਾਂ ਵਿੱਚ ਨੌਜਵਾਨਾਂ ਤੋਂ ਲੈ ਕੇ ਬਜ਼ੁਰਗਾਂ, ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਸੰਸਥਾਵਾਂ, ਕਿਸਾਨ ਜਥੇਬੰਦੀਆਂ, ਸਰਕਾਰੀ ਜਾਂ ਪ੍ਰਾਈਵੇਟ ਕਰਮਚਾਰੀਆਂ ਦੀਆਂ ਯੂਨੀਅਨਾਂ, ਸਮਾਜਿਕ ਤੇ ਧਾਰਮਿਕ ਹਸਤੀਆਂ, ਮੰਤਰੀ ਮੰਡਲ, ਸੰਸਦ ਮੈਂਬਰਾਂ, ਵਿਧਾਇਕਾਂ, ਸਿਆਸੀ ਪਾਰਟੀਆਂ, ਪ੍ਰਸ਼ਾਸਨਿਕ ਅਧਿਕਾਰੀਆਂ ਵਿੱਚੋਂ ਛੋਟੇ ਤੋਂ ਲੈ ਕੇ ਵੱਡੇ ਅਧਿਕਾਰੀਆਂ, ਸਰਕਾਰੀ ਜਾਂ ਪ੍ਰਾਈਵੇਟ ਬੋਰਡਾਂ, ਕਮੇਟੀਆਂ, ਵਿਦੇਸ਼ੀ ਜੱਥੇਬੰਦੀਆਂ, ਐੱਨ ਆਰ ਆਈ ਭੈਣਾਂ ਭਰਾਵਾਂ, ਛੋਟੇ-ਵੱਡੇ ਘਰਾਂ ਵਿੱਚ ਵਸਦੇ ਲੋਕ, ਮਦਦ ਪਹੁੰਚਾ ਰਹੇ ਹਰ ਆਮ ਇਨਸਾਨ ਅਤੇ ਹੋਰਨਾਂ ਵੱਲੋਂ ਤਾਂ ਦਿੱਤਾ ਹੀ ਜਾ ਰਿਹਾ ਹੈ, ਪੰਜਾਬੀਆਂ ਦੇ ਵੱਡੇ ਹੌਂਸਲੇ ਦਾ ਸਬੂਤ ਹੜ੍ਹਾਂ ਵਿੱਚ ਘਿਰੇ ਲੋਕ ਵੀ ਦੇ ਰਹੇ ਹਨ । ਜਦੋਂ ਕੋਈ ਦਾਨੀ ਸੱਜਣ ਉਨ੍ਹਾਂ ਤੱਕ ਪਹੁੰਚਦਾ ਹੈ ਤਾਂ ਉਨ੍ਹਾਂ ਦਾ ਇਹ ਕਹਿਣਾ ਕਿ "ਚਾਹ ਦੀ ਪਤੀਲੀ ਧਰੀ ਹੋਈ ਐ, ਪੀ ਕੇ ਜਾਇਓ", ਇਹ ਸੁਣ ਇੱਕ ਦਾਨੀ ਸੱਜਣ ਬੋਲਿਆ, "ਧੰਨ ਹੈ ਪੰਜਾਬੀਆਂ ਦਾ ਜੇਰਾ... ਇੰਨੇ ਸੰਤਾਪ ਵਿੱਚ ਵੀ ਇਨ੍ਹਾਂ ਦੇ ਮੱਥੇ 'ਤੇ ਰੌਣਕ...ਵਾਹ !"

ਗੱਲ ਇੱਥੇ ਹੀ ਖ਼ਤਮ ਨਹੀਂ ਹੁੰਦੀ, 60-65 ਸਾਲ ਦੇ ਬਜ਼ੁਰਗ ਨੇ ਹੜ੍ਹ ਦੇ ਪਾਣੀ ਵਿੱਚੋਂ ਲੰਘਦੇ-ਲੰਘਦੇ ਹੀ ਚੂਲਾ ਲੈ ਕੇ ਆਪਣੇ ਬੁੱਲ੍ਹਾਂ ਨੂੰ ਲਾ ਲਿਆ ਤੇ ਉਹ ਆਪਣਾ ਦਾੜ੍ਹਾ ਤੇ ਮੁੱਛਾਂ ਸੈੱਟ ਕਰ ਕੇ ਇਉਂ ਤੁਰ ਰਿਹਾ ਸੀ, ਜਿਵੇਂ ਕੋਈ ਮਹਾਰਾਜਾ ਹੋਵੇ । ਇੱਕ ਹੋਰ ਹੜ੍ਹ ਦਾ ਮਾਰਿਆ ਦੁੱਖ ਸੁਣਾਉਂਦਾ-ਸੁਣਾਉਂਦਾ ਜਦੋਂ ਪਾਣੀ ਪਾਰ ਕਰਨ ਲਈ ਹਵਾ ਨਾਲ ਭਰੀ ਟਿਊਬ ਵਿੱਚ ਚੜ੍ਹਨ ਲੱਗਿਆ ਤਾਂ ਟਿਊਬ ਅਚਾਨਕ ਪਲਟ ਗਈ, ਜਿਸ ਕਾਰਨ ਗਲੋਟਣੀਆਂ ਖਾ ਕੇ ਉਹ ਦਰਮਿਆਨੇ ਜਿਹੇ ਪਾਣੀ ਵਿੱਚ ਪਲਟ ਗਿਆ । ਇਹ ਹਾਸੋਹੀਣਾ ਕਰਤੱਵ ਦੇਖ ਕੋਲ ਖੜ੍ਹੇ ਸੱਜਣ ਇਉਂ ਹੱਸਣ ਲੱਗੇ, ਜਿਉਂ ਕਿਸੇ ਵਿਆਹ ਵਿੱਚ ਨਾਨਕਾ ਮੇਲ ਇਕੱਠਾ ਹੋਇਆ ਹੋਵੇ । ਇੱਕ ਬਾਪੂ ਵੱਲੋਂ ਪਾਣੀ ਵਿੱਚੋਂ ਕੁੱਤੇ ਨੂੰ ਬਾਹਰ ਕੱਢਣ ਵਾਲੀ ਤਸਵੀਰ ਕੌਣ ਭੁੱਲਿਆ ਹੋਵੇਗਾ । ਇੰਨੇ ਭਿਆਨਕ ਦੁੱਖ ਵਿੱਚ ਵੀ ਪੰਜਾਬੀਆਂ ਦੇ ਮੂੰਹ ਵਿੱਚ ਸ਼ੁਕਰ ਹੈ ਅਤੇ ਹੱਥਾਂ ਵਿੱਚ ਸੇਵਾ ਹੈ ।

ਹੜ੍ਹ ਤੋਂ ਬਚਣ ਅਤੇ ਬਚਾਉਣ ਵਾਲੇ ਪੰਜਾਬੀ ਦੋਹਰੇ ਪਾਸਿਓਂ ਚੜ੍ਹਦੀ ਕਲਾ ਦਾ ਸਬੂਤ ਦੇ ਰਹੇ ਹਨ । ਇੱਕ ਦੂਜੇ ਦੇ ਮੋਢਿਆਂ 'ਤੇ ਹੱਥ ਮਾਰ ਕੇ ਕਹਿ ਦੇਣਾ, "ਕੋਈ ਨਾ, ਦਿਲ ਨਾ ਸੁੱਟ- ਮਿਹਨਤ ਕਰਨ ਆਲੇ ਆਂ, ਮੁੜ ਬਣਾ ਲਵਾਂਗੇ ਸਭ ਕੁਝ । ਖੌਰੇ ਇਸ ਤਬਾਹੀ ਵਿੱਚ ਵੀ ਉਸ ਦਾ ਕੋਈ ਰਾਜ਼ ਹੋਵੇ" ਇਹੀ ਤਾਂ ਹੈ ਜੋ ਹਰ ਹਾਲਤ ਵਿੱਚ ਪੰਜਾਬੀਆਂ ਦੇ ਚੜ੍ਹਦੀ ਕਲਾ ਵਿੱਚ ਹੋਣ ਦਾ ਸਬੂਤ ਦਿੰਦਾ ਹੈ । ਇਨ੍ਹਾਂ ਦੇ ਹੌਂਸਲੇ ਤਾਂ ਉਦੋਂ ਨਹੀਂ ਢਹੇ, ਜਦੋਂ ਇਨ੍ਹਾਂ ਦੇ ਬੰਦ-ਬੰਦ ਕੱਟੇ ਗਏ, ਚਰਖੜੀਆਂ 'ਤੇ ਚਾੜ੍ਹਿਆ ਗਿਆ, ਆਰਿਆਂ ਨਾਲ ਚੀਰਿਆ, ਰੂੰਅ ਵਿੱਚ ਲਪੇਟ ਕੇ ਅੱਗ ਲਾ ਦਿੱਤੀ ਗਈ, ਉਬਲਦੀਆਂ ਦੇਗਾਂ ਵਿੱਚ ਸਾੜ ਦਿੱਤਾ ਗਿਆ, ਸਿਰਾਂ ਨਾਲੋਂ ਖੋਪੜੀਆਂ ਅੱਡ ਕਰ ਦਿੱਤੀਆਂ ਗਈਆਂ । ਇਹ ਚਾਰ ਦਿਨਾਂ ਦਾ ਮਹਿਮਾਨ ਪਾਣੀ ਪੰਜਾਬੀਆਂ ਦੇ ਹੌਂਸਲੇ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ, ਕਿਉਂਕਿ ਪਾਣੀ ਨੂੰ ਮਖੌਲ ਕਰ ਕੇ ਸਾਡੇ ਲੋਕ ਇਉਂ ਆਖ ਰਹੇ ਹਨ, "ਮੈਂ ਪੰਜਾਬ ਬੋਲਦਾ ਹਾਂ ।"

ਪੰਜਾਬੀਆਂ ਨੇ ਬੇਸ਼ੱਕ, ਸੰਤਾਪ ਝੱਲਿਆ ਅਤੇ ਲੰਗੜੇ ਹੋਏ ਪੰਜਾਬੀ ਮੁੜ ਪੈਰਾ 'ਤੇ ਖੜ੍ਹੇ ਹੋ ਗਏ, ਪਰ ਇਸ ਦਾ ਮਤਲਬ ਇਹ ਨਹੀਂ ਕਿ ਇਨ੍ਹਾਂ ਨੂੰ ਦਰਦ ਨਹੀਂ ਹੁੰਦਾ । ਧਾਰਮਿਕ ਸਥਾਨਾਂ, ਸਕੂਲਾਂ, ਹੋਰ ਕਈ ਅਦਾਰਿਆਂ, ਘਰਾਂ ਵਿੱਚ ਅਤੇ ਹਮਦਰਦੀ ਜਤਾਉਣ ਵਾਲੇ ਹਰ ਇੱਕ ਪ੍ਰਾਣੀ ਦੀ ਜ਼ੁਬਾਨ 'ਤੇ ਆਈ ਰਾਹਤ ਦੀ ਮੰਗ ਵਾਲੀ ਅਰਦਾਸ ਪੰਜਾਬੀਆਂ ਨੂੰ ਹੋ ਰਹੇ ਦਰਦ ਦੀ ਹੀ ਉਦਾਹਰਨ ਹੈ । ਇਸ ਵਕਤ ਮਾਝੇ ਦਾ ਇਲਾਕਾ ਸਭ ਤੋਂ ਵੱਧ ਪ੍ਰਭਾਵਿਤ ਹੈ, ਜਿੱਥੇ ਜ਼ਿਆਦਾਤਰ ਦੋ ਹੀ ਤਬਕੇ ਹਨ; ਇੱਕ ਜੋ ਵਿਦੇਸ਼ਾਂ ਵਿੱਚ ਹਨ ਤੇ ਪਿੱਛੋਂ ਉਨ੍ਹਾਂ ਦੇ ਘਰਾਂ ਨੂੰ ਤਾਲੇ ਲੱਗੇ ਹਨ; ਦੂਜੇ ਜੋ ਖੇਤੀਬਾੜੀ ਕਰ ਕੇ, ਮਿੱਟੀ ਨਾਲ ਮਿੱਟੀ ਹੋ ਕੇ ਆਪਣਾ ਢਿੱਡ ਪਾਲ ਰਹੇ ਹਨ । ਮਹਿੰਗਾਈ ਦੇ ਇਸ ਦੌਰ ਵਿੱਚ ਪਾਣੀ ਨਾਲ ਗਲ ਚੁੱਕੇ ਪਏ ਘਰ ਨੂੰ ਦੁਬਾਰਾ ਸੁਰਜੀਤ ਕਰਨ ਲਈ ਹਰ ਪ੍ਰਭਾਵਿਤ ਪਰਿਵਾਰ ਨੂੰ ਘੱਟੋ-ਘੱਟ 15 ਤੋਂ 20 ਲੱਖ ਰੁਪਏ ਦੀ ਲੋੜ ਹੈ । ਕਈਆਂ ਦੇ ਤਾਂ ਜੋੜੇ ਪੈਸੇ ਤੇ ਗਹਿਣੇ ਵੀ ਹੜ੍ਹ ਚੁੱਕੇ ਹਨ । ਕਈਆਂ ਦੀਆਂ ਜ਼ਮੀਨਾਂ ਦੀਆਂ ਰਜਿਸਟਰੀਆਂ ਤੱਕ ਗਲ ਚੁੱਕੀਆਂ ਹਨ । ਸਾਉਣੀ ਦੀ ਫ਼ਸਲ ਵੀ ਉਨ੍ਹਾਂ ਕਰਜ਼ਾ ਚੁੱਕ ਕੇ ਲਾਈ ਸੀ, ਜੋ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ ।

ਪੀੜ ਵਿੱਚ ਘਿਰਿਆ ਅੱਗੇ ਇੱਕ ਹੋਰ ਡੂੰਘਾ ਦੁੱਖ ਇੰਤਜ਼ਾਰ ਕਰ ਰਿਹਾ ਹੈ, ਜੋ ਖੇਤਾਂ ਨੂੰ ਮੁੜ ਤੋਂ ਠੀਕ ਕਰਨ ਦਾ ਹੈ । ਹਾੜ੍ਹੀ ਦੀ ਫ਼ਸਲ ਦੇ ਅਗੇਤੇ ਪ੍ਰਬੰਧ ਤਾਂ ਕੀ ਕਰਨੇ ਹਨ, ਇਹ ਸਮੇਂ ਸਿਰ ਬੀਜੀ ਜਾ ਸਕੇ, ਇਸੇ ਆਸ ਨੂੰ ਪੂਰਾ ਕਰਨ ਦੀ ਚੁਣੌਤੀ ਨੇ ਹੜ੍ਹਾਂ ਵਿੱਚ ਘਿਰੇ ਪੰਜਾਬੀਆਂ ਦੀ ਨੀਂਦ ਉਡਾ ਦਿੱਤੀ ਹੈ । ਘਰ-ਬਾਰ ਦਾ ਸਮਾਨ ਇਕੱਠਾ ਕਰਨ ਦੀ ਚਿੰਤਾ ਵਿੱਚ ਕੱਖੋਂ ਹੌਲੇ ਹੋ ਰਹੇ ਹਨ । ਨਵੇਂ ਪਸ਼ੂ ਖਰੀਦ ਕੇ ਦੁੱਧ ਦਾ ਡੰਗ ਸਾਰਨ ਦੀ ਚਿੰਤਾ ਵੀ ਹੈ । ਨਸ਼ਟ ਹੋ ਚੁੱਕੇ ਸਾਮਾਨ ਦਾ ਪੰਜਾਬ ਕੀ ਕਰਨਗੇ । ਅੱਖਾਂ ਸਾਹਮਣੇ ਮਿਹਨਤ ਕਰ ਕੇ ਬਣਾਏ ਸਮਾਨ ਦੀ ਤਬਾਹੀ ਦਾ ਮੰਜ਼ਰ ਆਉਣ 'ਤੇ ਉਨ੍ਹਾਂ ਨੂੰ ਦਰਦ ਨਹੀਂ ਹੁੰਦਾ ਹੋਵੇਗਾ । ਇਹ ਸਵਾਲ ਪੱਕੀ ਥਾਂ 'ਤੇ ਬੈਠੇ ਇਨਸਾਨ ਨੂੰ ਵੀ ਸੋਚਾਂ ਵਿੱਚ ਪਾ ਦਿੰਦਾ ਹੈ ।

ਸਰਕਾਰਾਂ ਪਿਛਲੇ ਵਰ੍ਹਿਆਂ ਦੌਰਾਨ ਹੋਏ ਨੁਕਸਾਨ ਦਾ ਮੁਆਵਜ਼ਾ ਅਜੇ ਤੱਕ ਵੀ ਨਹੀਂ ਦੇ ਸਕੀਆਂ । ਨਵੇਂ ਨੁਕਸਾਨ ਦੇ ਮੁਆਵਜ਼ੇ ਦੀ ਉਮੀਦ ਕਿੱਥੋਂ ਦਿੱਤੀ ਜਾਵੇ ? ਇੱਕ ਰਿਪੋਰਟ ਅਨੁਸਾਰ, 2021 ਤੋਂ ਲੈ ਕੇ 2023 ਤੱਕ ਦੇ ਹੜ੍ਹ ਪੀੜਤਾਂ ਦੇ 79 ਪਰਿਵਾਰਾਂ ਨੂੰ ਅਜੇ ਤੱਕ ਮੁਆਵਜ਼ਾ ਨਹੀਂ ਮਿਲਿਆ । ਪ੍ਰਸ਼ਾਸਨ ਨੇ ਗਿਰਦਾਵਰੀ ਰਿਪੋਰਟ ਹੀ ਜਮ੍ਹਾਂ ਨਹੀਂ ਕਰਵਾਈ । 15-15 ਦਿਨਾਂ ਦੇ ਬੱਚਿਆਂ ਨੂੰ ਗੋਦੀ ਵਿੱਚ ਲੈ ਕੇ ਪੰਜਾਬੀ ਹੜ੍ਹ ਮਾਰੇ ਇਲਾਕਿਆਂ ਵਿੱਚ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਨ । ਅਗਾਂਹ ਦੀਵਾਲੀ ਆ ਰਹੀ ਹੈ । ਅਜੇ ਤਾਂ ਬੱਤੀਆਂ ਵੀ ਨਹੀਂ ਵੱਟੀਆਂ ਸੀ ਕਿ ਪੰਜਾਬੀਆਂ ਦੇ ਘਰਾਂ ਵਿੱਚ ਤਿਉਹਾਰ ਮੌਕੇ ਬਲਣ ਵਾਲੇ ਦੀਵੇ ਪਹਿਲਾਂ ਹੀ ਬੁਝ ਗਏ । ਉਂਝ, ਬੱਤੀਆਂ ਵੱਟ ਕੇ ਪੰਜਾਬੀ ਕਰਨਗੇ ਵੀ ਕੀ ? ਇਨ੍ਹਾਂ ਨੂੰ ਬਾਲਣ ਵਾਲੇ ਸਾਂਭੇ ਹੋਏ ਦੀਵੇ ਤਾਂ ਪਾਣੀ ਵਿੱਚ ਰੁੜ੍ਹ ਗਏ ।

ਸਰਕਾਰਾਂ ਵੱਲੋਂ ਅਣਡਿੱਠ ਕਰਨ, ਲੋੜੀਂਦੀ ਮਦਦ ਨਾ ਦੇਣ ਤੇ ਮਗਰਮੱਛ ਦੇ ਹੰਝੂਆਂ ਦੇ ਬਾਵਜੂਦ, ਟੁੱਟੀਆਂ ਆਸਾਂ ਤੇ ਉਮੀਦਾਂ, ਤਬਾਹ ਹੋਏ ਸੰਦਾਂ ਤੇ ਸਮਾਨ, ਉੱਜੜ ਚੁੱਕੇ ਖੇਤਾਂ ਤੇ ਮਰ ਚੁੱਕੇ ਡੰਗਰ ਪਸ਼ੂਆਂ, ਮਿਹਨਤ ਦੀ ਕਮਾਈ ਗਲ ਜਾਣ, ਘਰ ਢਹਿਣ ਦੇ ਬਾਵਜੂਦ ਪੰਜਾਬੀ ਮੁੜ ਉੱਠਣਗੇ, ਕਿਉਂਕਿ ਇਨ੍ਹਾਂ ਦੇ ਹੌਂਸਲੇ, ਚੜ੍ਹਦੀ ਕਲਾ, ਟੌਹਰ ਅਤੇ ਜ਼ੋਰ ਨੂੰ ਦੁਨੀਆਂ ਦੀ ਕੋਈ ਆਫ਼ਤ ਨਾ ਹਰਾ ਸਕਦੀ ਹੈ, ਨਾ ਤੋੜ ਸਕਦੀ ਹੈ, ਨਾ ਮਾਰ ਸਕਦੀ ਹੈ । ਇਤਿਹਾਸ ਗਵਾਹ ਹੈ ।

# ਇਸ ਮਹੀਨੇ ਵਿੱਚ ਉਗਾ ਲਓ ਇਹ ਸਬਜ਼ੀਆਂ

ਜਿਵੇਂ-ਜਿਵੇਂ ਗਰਮੀ ਦਾ ਮੌਸਮ ਖਤਮ ਹੋਣ ਜਾ ਰਿਹਾ ਹੈ, ਜਿਹੜੇ ਲੋਕ ਆਪਣੇ ਬਾਗ ਨੂੰ ਹਰ ਸਮੇਂ ਹਰਿਆ-ਭਰਿਆ ਬਣਾਈ ਰੱਖਣਾ ਚਾਹੁੰਦੇ ਹਨ ਅਤੇ ਬਾਗ ਵਿੱਚ ਉਪਲੱਬਧ ਜ਼ਮੀਨ ਦਾ ਵਧੇਰੇ ਉਪਯੋਗ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਇਹ ਮਹੀਨਾ ਸਬਜ਼ੀਆਂ ਉਗਾਉਣ ਦੇ ਨਜ਼ਰੀਏ ਤੋਂ ਇੱਕ ਬਿਹਤਰੀਨ ਮੌਕਾ ਪ੍ਰਦਾਨ ਕਰਦਾ ਹੈ । ਇਨ੍ਹਾਂ ਦਿਨਾਂ ਵਿੱਚ ਹੁਣ ਠੰਢੇ ਮੌਸਮ ਦੀ ਫ਼ਸਲ ਉਗਾਉਣ ਲਈ ਵਧੀਆ ਮੌਸਮ ਹੁੰਦਾ ਹੈ । ਇਹੋ ਅਜਿਹੀਆਂ ਬਹੁਤੀਆਂ ਸਬਜ਼ੀਆਂ ਹਨ, ਜਿਨ੍ਹਾਂ ਨੂੰ ਇਸ ਮਹੀਨੇ ਉਗਾਇਆ ਜਾ ਸਕਦਾ ਹੈ । ਮਟਰ ਉਗਾਉਣ ਲਈ ਇਨ੍ਹਾਂ ਕਾਰਬਨਿਕ ਪਦਾਰਥਾਂ ਨਾਲ ਭਰਪੂਰ ਚੰਗੀ ਜਲ ਨਿਕਾਸੀ ਵਾਲੀ ਮਿੱਟੀ ਵਿੱਚ ਉਗਾਓ । ਬਾਰਿਸ਼ ਤੋਂ ਬਾਅਦ ਜਦੋਂ ਮੌਸਮ ਸੁੱਕਾ ਹੋਵੇ ਤਾਂ ਇਨ੍ਹਾਂ ਦੀਆਂ ਵੇਲਾਂ ਨੂੰ ਵਧਾਉਣ ਲਈ ਕਿਸੇ ਸਹਾਰੇ ਦੀ ਜ਼ਰੂਰਤ ਹੁੰਦੀ ਹੈ । ਮਟਰ ਦੀ ਫ਼ਸਲ 'ਤੇ ਚੂਹਿਆਂ ਅਤੇ ਦੂਜੇ ਕੀੜੇ ਆਸਾਨੀ ਨਾਲ ਹਮਲਾ ਕਰ ਦਿੰਦੇ ਹਨ । ਪਰ ਜੇਕਰ ਉਨ੍ਹਾਂ ਨੂੰ ਜਾਲ ਵਿੱਚ ਰੱਖਿਆ ਜਾਵੇ ਤਾਂ ਇਹ ਸੁਰੱਖਿਅਤ ਰਹਿੰਦੇ ਹਨ ।



### ਫੁੱਲ ਗੋਭੀ

ਉਂਝ ਤਾਂ ਫੁੱਲ ਗੋਭੀ ਸਾਡੇ ਦੇਸ਼ ਵਿੱਚ ਪੂਰਾ ਸਾਲ ਹੁੰਦੀ ਹੈ ਅਤੇ ਕਿਸਾਨ ਇਸ ਦੀ ਖੇਤੀ ਪੂਰੇ ਸਾਲ ਕਰਦੇ ਹਨ । ਫੁੱਲ ਗੋਭੀ 6 ਤੋਂ 7 ਵਿੱਚ ਪੀ. ਐਚ. ਮਾਨ ਵਾਲੀ ਮਿੱਟੀ ਵਿੱਚ, ਚੰਗੀ ਨਿਕਾਸ ਵਾਲੀ ਕਾਰਬਨਿਕ ਪਦਾਰਥਾਂ ਨਾਲ ਭਰਪੂਰ ਮਿੱਟੀ ਵਿੱਚ ਪੈਦਾ ਹੁੰਦੀ ਹੈ । ਮਿੱਟੀ ਨੂੰ ਲਗਾਤਾਰ ਸਿੱਲੀ ਰੱਖੋ ਅਤੇ ਵਧੇਰੇ ਨਾਈਟਰੋਜਨ ਵਾਲੇ ਮਿਸ਼ਰਣ ਨਾਲ ਖਾਦ ਪਾ ਕੇ ਉਗਾਉਣ ਨਾਲ ਇਸ ਦੀ ਚੰਗੀ ਫ਼ਸਲ ਹਾਸਿਲ ਕੀਤੀ ਜਾ ਸਕਦੀ ਹੈ ।



### ਪਿਆਜ਼

ਨਵੰਬਰ ਤੱਕ ਦਾ ਸਮਾਂ ਹੋਮ ਗਾਰਡਨਿੰਗ ਵਾਲਿਆਂ ਲਈ ਇੱਕ ਐਸਾ ਸਮਾਂ ਹੈ, ਜਦੋਂ ਉਹ ਪਿਆਜ਼ ਬੀਜ ਸਕਦੇ ਹਨ ਅਤੇ ਇਨ੍ਹਾਂ ਨੂੰ ਗਰਮੀਆਂ ਦੇ ਮੌਸਮ ਵਿੱਚ ਪੱਕੇ ਪਿਆਜ਼ ਦੇ ਰੂਪ ਵਿੱਚ ਅਤੇ ਇੱਕ ਤੋਂ ਦੋ ਮਹੀਨੇ ਬਾਅਦ ਹਰੇ ਪਿਆਜ਼ ਦੇ ਰੂਪ ਵਿੱਚ ਹਾਸਿਲ ਕੀਤਾ ਜਾ ਸਕਦਾ ਹੈ । ਕਿਉਂਕਿ ਪਿਆਜ਼ ਨੂੰ ਉੱਗਣ ਲਈ ਕਾਫ਼ੀ ਸਮਾਂ ਲੱਗਦਾ ਹੈ । ਇਹ ਵਧੇਰੇ ਪਾਣੀ ਖੜ੍ਹਾ ਹੋਣ ਵਾਲੀ ਮਿੱਟੀ ਵਿੱਚ ਸੜ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਸਰਦੀਆਂ ਵਿੱਚ ਘੱਟ ਪਾਣੀ ਵਾਲੀ ਮਿੱਟੀ ਵਿੱਚ ਬੀਜਣਾ ਚਾਹੀਦਾ ਹੈ । ਪਿਆਜ਼ ਬੀਜਣ ਤੋਂ ਪਹਿਲਾਂ ਮਿੱਟੀ ਦੇ ਆਲੇ-ਦੁਆਲੇ ਦੀ ਘਾਹ-ਬੂਟੀ ਨੂੰ ਚੰਗੀ ਤਰ੍ਹਾਂ ਹਟਾ ਕੇ ਉਸ ਨੂੰ ਖਾਦ ਦੇਣੀ ਚਾਹੀਦੀ ਹੈ ।



### ਗਾਜਰ

ਇਸ ਮਹੀਨੇ ਵਿੱਚ ਉਗਾਈ ਜਾਣ ਵਾਲੀ ਗਾਜਰ ਨੂੰ ਸੁੱਕੀ ਮਿੱਟੀ ਦੇ ਨਾਲ ਇਹੋ ਜਿਹੀ ਜਗ੍ਹਾਂ 'ਤੇ ਬੀਜਣਾ ਚਾਹੀਦਾ ਹੈ, ਜਿੱਥੇ ਚੰਗੀ ਧੁੱਪ ਆਉਂਦੀ ਹੋਵੇ । ਮਿੱਟੀ ਨੂੰ ਪਹਿਲਾਂ ਚੰਗੀ ਤਰ੍ਹਾਂ ਨਾਲ ਤਿਆਰ ਕਰਨ ਤੋਂ ਬਾਅਦ ਹੀ ਗਾਜਰ ਬੀਜਣ ਬਾਰੇ ਸੋਚੋ ।

### ਮੂਲੀ

ਮੂਲੀ ਨੂੰ ਇਸ ਮਹੀਨੇ ਵਿੱਚ ਆਪਣੇ ਗਾਰਡਨ ਵਿੱਚ ਉਗਾਇਆ ਜਾ ਸਕਦਾ ਹੈ । ਜੇਕਰ ਗਮਲੇ ਵਿੱਚ ਲਗਾਉਣਾ ਹੋਵੇ ਤਾਂ ਮਿੱਟੀ ਵਿੱਚ ਖਾਦ ਪਾ ਕੇ ਉਸ ਨੂੰ ਚੰਗੀ ਨਮੀ ਵਾਲੀ ਬਣਾ ਕੇ ਗਮਲੇ ਦੀ ਮਿੱਟੀ ਵਿੱਚ ਉਪਰ ਤੋਂ ਇਸ ਦੇ ਬੀਜ ਬਿਖੇਰੇ ਜਾਂਦੇ ਹਨ ਅਤੇ ਇਸ ਵਿੱਚ ਸਮੇਂ-ਸਮੇਂ 'ਤੇ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ । 40 ਤੋਂ 60 ਦਿਨ ਬਾਅਦ ਮੂਲੀ ਦੀ ਫ਼ਸਲ ਤਿਆਰ ਹੋ ਜਾਂਦੀ ਹੈ ।



### ਟਮਾਟਰ

ਇਸ ਮਹੀਨੇ ਵਿੱਚ ਉਗਾਈ ਜਾਣ ਵਾਲੀ ਟਮਾਟਰ ਇੱਕ ਇਹੋ ਜਿਹੀ ਸਬਜ਼ੀ ਹੈ, ਜਿਸ ਦਾ ਸੁਆਦ ਸਰਦੀਆਂ ਵਿੱਚ ਭਰਪੂਰ ਮਾਤਰਾ ਵਿੱਚ ਲਿਆ ਜਾ ਸਕਦਾ ਹੈ । ਇਸ ਨੂੰ ਗ੍ਰੋ ਬੈਗ ਵਿੱਚ ਜਾਂ ਸਿੱਧੇ ਜ਼ਮੀਨ 'ਤੇ ਲਗਾ ਸਕਦੇ ਹੋ । ਇਸ ਲਈ ਦੋਮਟ ਮਿੱਟੀ ਸਭ ਤੋਂ ਅਨੁਕੂਲ ਹੁੰਦੀ ਹੈ । ਟਮਾਟਰ ਦੇ ਪੌਦੇ ਵਿੱਚ ਕੁਝ ਹੀ ਦਿਨਾਂ ਬਾਅਦ ਟਮਾਟਰ ਲੱਗਣ ਲੱਗਦੇ ਹਨ, ਜਿਸ ਦਾ ਤੁਸੀਂ ਇਸਤੇਮਾਲ ਕਰ ਸਕਦੇ ਹੋ ।

### ਹਰੀ ਮਿਰਚ

ਭੋਜਨ ਵਿੱਚ ਸੁਆਦ ਲਿਆਉਣ ਵਾਲੀ, ਸਿਹਤ ਨਾਲ ਭਰਪੂਰ ਹਰੀ ਮਿਰਚ ਨੂੰ ਵੀ ਤੁਸੀਂ ਇਸ ਮਹੀਨੇ ਵਿੱਚ ਗਮਲਿਆਂ ਵਿੱਚ ਵੀ ਲਗਾ ਸਕਦੇ ਹੋ । ਇਸ ਦੇ ਦੋ ਚਾਰ ਪੌਦੇ ਨਾਲ ਹੀ ਕਾਫੀ ਮਾਤਰਾ ਵਿੱਚ ਹਰੀ ਮਿਰਚ ਲੈ ਸਕਦੇ ਹੋ । ਇਸ ਲਈ ਦੋਮਟ ਮਿੱਟੀ ਬਿਹਤਰੀਨ ਹੁੰਦੀ ਹੈ । ਕੁਝ ਹੀ ਦਿਨਾਂ ਬਾਅਦ ਪੌਦੇ ਵਿੱਚ ਖ਼ੂਬ ਸਾਰੀ ਹਰੀ ਮਿਰਚ ਲੱਗਣੀ ਸ਼ੁਰੂ ਹੋ ਜਾਂਦੀ ਹੈ ।

- ਅਨੂ ਆਰ.

# ਕਿਰਤ ਦਾ ਮੁੱਲ

ਇਹ ਕਹਾਣੀ ਪੰਜਾਬ ਦੇ ਇੱਕ ਆਮ ਕਿਸਾਨ ਦੀ ਹੈ, ਜੋ ਹੱਡ-ਭੰਨਵੀਂ ਮਿਹਨਤ ਕਰਕੇ ਆਪਣੇ ਦੋ ਪੁੱਤਰਾਂ ਸੰਤੋਖ ਸਿੰਘ ਅਤੇ ਚੜ੍ਹਤ ਸਿੰਘ ਦਾ ਪਾਲਣ-ਪੋਸ਼ਣ ਕਰਦਾ ਹੈ। ਸੰਤੋਖ ਅਤੇ ਚੜ੍ਹਤ ਸਿੰਘ ਦੋਵੇਂ ਭਰਾ ਇੱਕ ਦੂਜੇ ਤੋਂ ਬਿਲਕੁਲ ਉਲਟ ਸੁਭਾਅ ਵਾਲੇ ਸਨ। ਸੰਤੋਖ ਨਿੱਕੀ ਉਮਰੇ ਹੀ ਆਪਣੇ ਪਿਉ ਨਾਲ ਖੇਤਾਂ ਵਿੱਚ ਹੱਥ ਵਟਾਉਂਦਾ ਅਤੇ ਪੜ੍ਹਾਈ ਵਿੱਚ ਵੀ ਧਿਆਨ ਦਿੰਦਾ। ਇਸ ਦੇ ਉਲਟ ਚੜ੍ਹਤ ਸਿੰਘ ਸਕੂਲੋਂ ਆ ਕੇ ਕਦੀ ਖੇਤਾਂ ਵਿੱਚ ਬਾਪੂ ਦਾ ਹੱਥ ਨਾ ਵਟਾਉਂਦਾ ਅਤੇ ਵਿਹਲੜ ਦੋਸਤਾਂ ਨਾਲ ਘੁੰਮਦਾ ਰਹਿੰਦਾ। ਸਮੇਂ ਦਾ ਪਹੀਆ ਘੁੰਮਦਾ ਗਿਆ ਅਤੇ ਬੁੱਢਾ ਬਾਪ ਜਹਾਨ ਤੋਂ ਚਾਲੇ ਪਾ ਗਿਆ ਅਤੇ ਸੰਤੋਖ ਸਿੰਘ ਅਤੇ ਚੜ੍ਹਤ ਸਿੰਘ ਨੂੰ ਜੱਦੀ ਜਾਇਦਾਦ ਵੰਡੀ ਗਈ। ਸੰਤੋਖ ਸਿੰਘ ਆਪਣੀ ਹਿੱਸੇ ਆਈ ਚਾਰ ਏਕੜ ਜ਼ਮੀਨ ਵਿੱਚ ਜੀ ਭਰ ਕੇ ਮਿਹਨਤ ਕਰਦਾ, ਜਿਸ ਨਾਲ ਉਸ ਦਾ ਜੀਵਨ ਗੁਜ਼ਾਰਾ ਚੰਗਾ ਚੱਲ ਰਿਹਾ ਸੀ। ਇਸ ਦੇ ਉਲਟ ਚੜ੍ਹਤ ਸਿੰਘ ਖੁਦ ਖੇਤਾਂ ਵਿੱਚ ਕਦੀ ਗੇੜਾ ਨਾ ਮਾਰਦਾ ਅਤੇ ਸਾਰਾ ਕੰਮ ਸੀਰੀ ਦੇ ਸਿਰ ਤੇ ਛੱਡ ਕੇ ਫੋਕੀ ਟੌਹਰ ਵਿੱਚ ਰਹਿੰਦਾ।

ਸੰਤੋਖ ਸਿੰਘ ਨੂੰ ਭਾਵੇਂ ਪਿੰਡ ਵਿੱਚ ਕਈ ਲੋਕੀ ਪੁਰਾਣਾ ਮਕਾਨ ਢਾਹ ਕੇ ਨਵੀਂ ਕੋਠੀ ਪਾਉਣ ਲਈ ਆਖਦੇ, ਪਰ ਉਹ ਹਮੇਸ਼ਾ ਆਪਣੇ ਬੱਚਿਆਂ ਦੀ ਚੰਗੀ ਪੜ੍ਹਾਈ ਲਿਖਾਈ ਨੂੰ ਤਰਜੀਹ ਦਿੰਦਾ। ਇੱਧਰ ਚੜ੍ਹਤ ਸਿੰਘ ਨੇ ਆੜ੍ਹਤੀਏ ਤੋਂ ਰਕਮ ਚੁੱਕ ਕੇ ਇੱਕ ਆਲੀਸ਼ਾਨ ਕੋਠੀ ਉਸਾਰ ਲਈ ਤੇ ਉਹ ਸੰਤੋਖ ਸਿੰਘ ਨੂੰ ਨੀਵਾਂ ਦਿਖਾਉਣ ਦਾ ਇੱਕ ਵੀ ਮੌਕਾ ਨਾ ਛੱਡਦਾ। ਚੜ੍ਹਤ ਸਿੰਘ ਆਪਣੀ ਔਲਾਦ ਨੂੰ ਵੀ ਖ਼ੇਤਾਂ ਵਿੱਚ ਕਦੀ ਲੈ ਕੇ ਨਹੀਂ ਗਿਆ, ਕਿਉਂਕਿ ਉਹ ਖੁਦ ਵੀ ਸਭ ਕੰਮ ਸੀਰੀ ਆਸਰੇ ਹੀ ਛੱਡ ਦਿੰਦਾ। ਇਸ ਤਰ੍ਹਾਂ ਚੜ੍ਹਤ ਸਿੰਘ ਦਾ ਪੁੱਤਰ ਹਮੇਸ਼ਾ ਫੇਸਬੁੱਕ ਜਾਂ ਇੰਟਰਨੈੱਟ ਵਿੱਚ ਹੀ ਰੁੱਝਿਆ ਰਹਿੰਦਾ ਅਤੇ ਪੜ੍ਹਾਈ ਵਿੱਚ ਵੀ ਜ਼ਿਆਦਾ ਦਿਲਚਸਪੀ ਨਾ ਲੈਂਦਾ। ਉੱਧਰ ਸੰਤੋਖ ਸਿੰਘ ਦੇ ਧੀ-ਪੁੱਤਰ ਆਪਣੇ ਬਾਪ ਨੂੰ ਮਿੱਟੀ ਵਿੱਚ ਮਿੱਟੀ ਹੁੰਦਾ ਦੇਖ ਕੇ ਦਿਲ-ਜਾਨ ਨਾਲ ਪੜ੍ਹਾਈ ਕਰਦੇ ਅਤੇ ਵਿਹਲੇ ਸਮੇਂ ਸੰਤੋਖ ਨਾਲ ਖੇਤਾਂ ਵਿੱਚ ਹੀ ਹੱਥ ਵਟਾਉਂਦੇ। ਸੰਤੋਖ ਸਿੰਘ ਦਾ ਪੁੱਤਰ ਸਰਕਾਰੀ ਸਕੂਲ ਵਿੱਚ ਮਾਸਟਰ ਲੱਗ ਗਿਆ ਤਾਂ ਸੰਤੋਖ ਸਿੰਘ ਨੇ ਪ੍ਰਮਾਤਮਾ ਦਾ ਬਹੁਤ-ਬਹੁਤ ਸ਼ੁਕਰਾਨਾ ਕੀਤਾ। ਉਸ ਨੇ ਆਪਣੇ ਪੁੱਤਰ ਦਾ ਵਿਆਹ ਬੜੇ ਹੀ ਸਾਦੇ ਢੰਗ ਨਾਲ ਇੱਕ ਪੜ੍ਹੀ-ਲਿਖੀ ਤੇ ਸੂਝਵਾਨ ਕੁੜੀ ਨਾਲ ਕਰਿਆ। ਬਾਰਾਤ ਲਈ ਸਿਰਫ਼ ਪੰਜ ਆਦਮੀ ਗਏ ਅਤੇ ਪਕਵਾਨਾਂ ਵਿੱਚ ਵੀ ਸਾਦਾ ਭੋਜਨ ਤੇ ਕੜਾਹ ਪ੍ਰਸ਼ਾਦ ਤਿਆਰ ਕੀਤਾ ਗਿਆ। ਸਾਰੇ ਮਹਿਮਾਨਾਂ ਨੇ ਬੜੇ ਸਰਲ ਤਰੀਕੇ ਨਾਲ ਵਿਆਹ ਦਾ ਆਨੰਦ ਮਾਣਿਆ ਅਤੇ ਇਸ ਸਭ ਵਿੱਚ ਚੜ੍ਹਤ ਸਿੰਘ ਜੋ ਕਿ ਮੁੰਡੇ ਦਾ ਤਾਇਆ ਸੀ, ਉਸ ਨੇ ਬੜੇ ਘਮੰਡ ਨਾਲ ਆਪਣੇ ਭਰਾ ਸੰਤੋਖ ਸਿੰਘ ਨੂੰ ਕਿਹਾ ਕਿ ਤੂੰ ਪਿੰਡ ਵਿੱਚ ਮੇਰੀ ਨੱਕ ਵੱਢ ਦਿੱਤੀ ਹੈ, ਇੰਨਾ ਫਿੱਕਾ ਵਿਆਹ ਕਰਿਆ ਹੈ। ਜੇ ਤੇਰੇ ਕੋਲ ਖਰਚੇ-ਪਾਣੀ ਦੀ ਤੋਟ ਸੀ ਤਾਂ ਉਹ ਆੜ੍ਹਤੀਏ ਨਾਲ ਗੱਲ ਕਰਕੇ ਕਰਜ਼ਾ ਲੈ ਲੈਂਦਾ। ਉਸ ਦਾ ਪੁੱਤਰ ਸਰਕਾਰੀ ਮਾਸਟਰ ਹੈ, ਹੌਲੀ-ਹੌਲੀ ਵਾਪਿਸ ਕਰ ਦਿੰਦਾ। ਪਰ ਸੰਤੋਖ ਨੂੰ ਇਹ ਗੱਲ ਗਵਾਰਾ ਨਹੀਂ ਸੀ, ਉਸ ਨੇ ਬੜੀ ਹੀ ਹਲੀਮੀ ਨਾਲ ਚੜ੍ਹਤ ਸਿੰਘ ਨੂੰ ਕਿਹਾ ਕਿ ਜਿੰਨੀ ਕੁ ਉਸ ਦੀ ਚਾਦਰ ਹੈ, ਉਹ ਓਨੇ ਕੁ ਹੀ ਪੈਰ ਪਸਾਰਨਾ ਵਾਜ਼ਿਬ ਸਮਝਦਾ ਹੈ। ਇੰਨਾ ਸੁਣ ਕੇ ਚੜ੍ਹਤ ਸਿੰਘ ਨੇ ਉਸ ਨੂੰ ਕਿਹਾ ਕਿ ਤੂੰ ਤਾਂ ਪਿੰਡ ਵਿੱਚ ਮੇਰੀ ਭੰਡੀ ਕਰਾ ਦਿੱਤੀ ਹੈ, ਜਦ ਮੈਂ ਆਪਣੇ ਪੁੱਤਰ ਦਾ ਵਿਆਹ ਕਰਾਂਗਾ ਤਾਂ ਸਭ ਦੇਖਦੇ ਰਹਿ ਜਾਣਗੇ।

ਕੁਝ ਕੁ ਸਾਲਾਂ ਬਾਅਦ ਚੜ੍ਹਤ ਸਿੰਘ ਨੇ ਆਪਣੇ ਪੁੱਤਰ ਲਈ ਵਿਦੇਸ਼ੀ ਕੁੜੀ ਦਾ ਰਿਸ਼ਤਾ ਲੱਭਿਆ ਅਤੇ ਆਪਣੇ ਪੁੱਤਰ ਨੂੰ ਵਿਦੇਸ਼ ਭੇਜਣ ਦੀ ਚਾਹਤ ਵਿੱਚ ਉਸ ਨੇ ਵਿਆਹ ਦਾ ਸਭ ਖਰਚ ਵੀ ਆਪਣੇ ਸਿਰ ਲੈ ਲਿਆ। ਬਹੁਤ ਸਾਰੇ ਲੋਕਾਂ ਨੂੰ ਵਿਆਹ ਦਾ ਸੱਦਾ ਦਿੱਤਾ। ਆਪਣੇ ਪੁੱਤਰ ਲਈ ਇੱਕ ਨਵੀਂ ਮਹਿੰਗੀ ਮੋਟਰ ਕਾਰ ਖਰੀਦੀ। ਆਏ ਹੋਏ ਮਹਿਮਾਨਾਂ ਲਈ ਖਾਸ ਤੌਰ ਤੇ ਵੱਖੋ-ਵੱਖਰੇ ਪਕਵਾਨ ਬਣਾਉਣ ਲਈ ਦੋ ਹਲਵਾਈ ਬਿਠਾਏ। ਮੁੱਕਦੀ ਗੱਲ ਕਿ ਚੜ੍ਹਤ ਸਿੰਘ ਦੇ ਪੁੱਤਰ ਦੇ ਵਿਆਹ ਦੀਆਂ ਇਲਾਕੇ ਵਿੱਚ ਧੂੰਮਾਂ ਪੈ ਗਈਆਂ। ਫਿਰ ਉਹ ਦਿਨ ਵੀ ਆ ਗਿਆ ਜਦ ਚੜ੍ਹਤ ਸਿੰਘ ਦੇ ਨੂੰਹ-ਪੁੱਤਰ ਵਿਦੇਸ਼ ਚਲੇ ਗਏ। ਲੋਕਾਂ ਕੋਲੋਂ ਵਿਆਹ ਦੇ ਸਮਾਗਮ ਦੀਆਂ ਤਾਰੀਫ਼ਾਂ ਸੁਣ ਉਹ ਖੁਸ਼ ਹੋ ਜਾਂਦਾ।



ਡਾ. ਕਮਲਪ੍ਰੀਤ ਕੌਰ
ਪਸਾਰ ਵਿਗਿਆਨੀ, ਪਸਾਰ ਸਿੱਖਿਆ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
ਮੋਬਾਇਲ : 95922-27589

ਕੁਝ ਸਮੇਂ ਬਾਅਦ ਸੰਤੋਖ ਸਿੰਘ ਨੇ ਚੜ੍ਹਤ ਸਿੰਘ ਨੂੰ ਨਹਿਰ ਦੀ ਪਟੜੀ ਤੇ ਚੁੱਪ-ਚਾਪ ਤੁਰਦੇ ਨੂੰ ਦੇਖਿਆ, ਉਸ ਨੂੰ ਕੁਝ ਸ਼ੱਕ ਹੋਇਆ ਤਾਂ ਉਹ ਉਸ ਦੇ ਮਗਰੇ ਹੀ ਹੋ ਤੁਰਿਆ। ਜੋ ਡਰ ਸੀ ਉਹੀ ਹੋਇਆ, ਇਹ ਕੀ ? ਚੜ੍ਹਤ ਸਿੰਘ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ ਸੀ। ਸੰਤੋਖ ਸਿੰਘ ਇਹ ਸਭ ਦੇਖ ਕੇ ਘਬਰਾ ਗਿਆ ਅਤੇ ਉਸ ਨੇ ਵੀ ਮਗਰੇ ਹੀ ਛਾਲ ਮਾਰ ਕੇ ਚੜ੍ਹਤ ਸਿੰਘ ਨੂੰ ਬਚਾ ਲਿਆ। ਚੜ੍ਹਤ ਸਿੰਘ ਨੂੰ ਉਸ ਦੇ ਘਰ ਲਿਆਂਦਾ, ਪਰ ਚੜ੍ਹਤ ਸਿੰਘ ਕੁਝ ਵੀ ਬੋਲ ਨਹੀਂ ਰਿਹਾ ਸੀ, ਪਰ ਉਸ ਦੇ ਅੱਖਾਂ ਦੇ ਹੰਝੂ ਸੰਤੋਖ ਨੂੰ ਬਹੁਤ ਕੁਝ ਕਹਿ ਰਹੇ ਸਨ। ਚੜ੍ਹਤ ਸਿੰਘ ਦੀ ਧੀ ਨੇ ਆਪਣੇ ਚਾਚੇ ਸੰਤੋਖ ਸਿੰਘ ਨੂੰ ਦੱਸਿਆ ਕਿ ਭਰਾ ਦੇ ਵਿਆਹ ਲਈ ਬਾਪੂ ਨੇ ਬੈਂਕ ਤੋਂ ਕਰਜ਼ਾ ਲਿਆ ਸੀ, ਪਰ ਵੀਰ ਨੇ ਵਿਦੇਸ਼ ਪਹੁੰਚ ਕੇ ਸਾਡੇ ਨਾਲ ਚਿੱਠੀ ਪੱਤਰ ਬੰਦ ਕਰ ਦਿੱਤਾ ਅਤੇ ਬੈਂਕ ਤੋਂ ਜ਼ਮੀਨ ਕੁਰਕੀ ਦੇ ਹੁਕਮ ਆ ਰਹੇ ਹਨ। ਆਹ ਆਲੀਸ਼ਾਨ ਕੋਠੀ ਪਾਉਣ ਲਈ ਆੜ੍ਹਤੀਏ ਦੇ ਪਹਿਲਾਂ ਹੀ ਉਹ ਕਰਜ਼ਈ ਹਨ। ਫਿਰ ਖੇਤਾਂ ਦਾ ਕੰਮ ਵੀ ਸੀਰੀ ਭਰੋਸੇ ਹੋਣ ਕਰਕੇ ਫ਼ਸਲ ਵਿੱਚੋਂ ਵੀ ਕੁਝ ਨਹੀਂ ਬਚਿਆ। ਧੀ ਦੇ ਇੰਨਾ ਬੋਲਣ ਤੇ ਚੜ੍ਹਤ ਸਿੰਘ ਫੁੱਟ-ਫੁੱਟ ਕੇ ਰੋ ਪਿਆ ਅਤੇ ਆਪਣੇ ਭਰਾ ਸੰਤੋਖ ਸਿੰਘ ਤੋਂ ਹੱਥ ਜੋੜ ਕੇ ਮੁਆਫ਼ੀ ਮੰਗਣ ਲੱਗਾ ਕਿ ਉਹ ਹਮੇਸ਼ਾ ਸੰਤੋਖ ਸਿੰਘ ਨੂੰ ਨੀਵਾਂ ਦਿਖਾਉਂਦਾ ਰਿਹਾ ਸੀ, ਪਰ ਅਸਲ ਵਿੱਚ ਸੰਤੋਖ ਸਿੰਘ ਦੀ ਸਾਧਾਰਨ ਜੀਵਨ-ਸ਼ੈਲੀ ਚੜ੍ਹਤ ਸਿੰਘ ਦੀ ਚੜ੍ਹਤ ਤੋਂ ਕਈ ਗੁਣਾ ਚੰਗੀ ਨਹੀਂ ਅਤੇ ਖੁਸ਼ਹਾਲ ਜ਼ਿੰਦਗੀ ਦੀ ਪ੍ਰਤੀਕ ਸੀ। ਚੜ੍ਹਤ ਸਿੰਘ ਨੇ ਫੋਕੀ ਸ਼ੁਹਰਤ ਲਈ ਜੋ ਵੀ ਕਰਿਆ, ਉਹ ਸਭ ਉਸ ਨੂੰ ਕਰਜ਼ਈ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ ਦੇ ਕੇ ਗਿਆ। ਸੰਤੋਖ ਨੇ ਆਪਣੇ ਭਰਾ ਨੂੰ ਘੁੱਟ ਕੇ ਜੱਫੀ ਪਾਈ ਅਤੇ ਕਿਹਾ ਕਿ ਉਹ ਮਿਹਨਤੀ ਕਿਸਾਨ ਬਾਪ ਦੇ ਪੁੱਤਰ ਹਨ, ਆਪਸੀ ਸਾਂਝ ਨਾਲ ਉਹ ਸਭ ਮੁਸ਼ਕਿਲਾਂ ਹੱਲ ਕਰ ਲੈਣਗੇ।

ਚੜ੍ਹਤ ਸਿੰਘ ਨੂੰ ਆਪਣੇ ਭਰਾ ਤੋਂ, ਭਾਈਚਾਰਕ ਸਾਂਝ ਅਤੇ ਅਪਣੱਤ ਲੈ ਕੇ ਹੌਂਸਲਾ ਹੋ ਗਿਆ ਅਤੇ ਅਗਲੇ ਦਿਨ ਤੋਂ ਖੁਦ ਖੇਤਾਂ ਵਿੱਚ ਪਹੁੰਚਿਆ ਅਤੇ ਸੀਰੀ ਦੀ ਛੁੱਟੀ ਕਰ ਦਿੱਤੀ। ਹੁਣ ਉਹ ਆਪ ਖੇਤਾਂ ਵਿੱਚ ਕੰਮ ਕਰਦਾ, ਮਜ਼ਦੂਰਾਂ 'ਤੇ ਵੀ ਆਪਣੀ ਨਿਗਰਾਨੀ ਰੱਖ ਕੇ ਕੰਮ ਕਰਾਉਂਦਾ। ਸੰਦ-ਸੰਦੇੜਾ ਤੇ ਹੋਰ ਮਸ਼ੀਨਰੀ ਉਹ ਸੰਤੋਖ ਸਿੰਘ ਤੋਂ ਲੈ ਕੇ ਵਰਤ ਲੈਂਦਾ। ਸਬਜ਼ੀਆਂ ਅਤੇ ਦਾਲਾਂ ਦੀ ਖੇਤੀ ਕਰਕੇ ਉਹ ਪਿੰਡ-ਪਿੰਡ ਉਨ੍ਹਾਂ ਨੂੰ ਵੇਚਦਾ, ਰਸਾਇਣ ਰਹਿਤ ਪੈਦਾਵਾਰ ਕਾਰਨ ਉਹ ਜਲਦੀ ਹੀ ਲੋਕਾਂ ਵਿੱਚ ਮਕਬੂਲ ਹੋ ਗਿਆ। ਇਸ ਤਰ੍ਹਾਂ ਦਿਨ ਬੀਤਦੇ ਗਏ ਅਤੇ ਚੜ੍ਹਤ ਸਿੰਘ ਆਪਣੀ ਮਿਹਨਤ ਅਤੇ ਭਾਈਚਾਰਕ ਸਾਂਝ ਦੇ ਹੌਂਸਲੇ ਕਾਰਨ ਹੌਲੀ-ਹੌਲੀ ਆਪਣਾ ਕਰਜ਼ਾ ਉਤਾਰਦਾ ਗਿਆ ਅਤੇ ਕੁਝ ਸਾਲਾਂ ਬਾਅਦ ਇਕ ਕਰਜ਼ਾ-ਮੁਕਤ ਤੇ ਖੁਸ਼ਹਾਲ ਜੀਵਨ ਜਿਉਣ ਲੱਗਾ।

ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ • ਪਾਊਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ • ਪੇਟੈਂਟ ਡਿਜਾਇਨ
• ਬੁਕਿੰਗ ਸ਼ੁਰੂ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS FARM CORPORATION PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

## ਪੀ ਏ ਯੂ ਲੁਧਿਆਣਾ ਦੇ ਕਿਸਾਨ ਮੇਲੇ ਮੌਕੇ ਬਰਾੜ ਐਗਰੀਕਲਚਰ ਫਾਰਮ ਲੁਧਿਆਣਾ ਤੇ ਕਿਸਾਨਾਂ ਦੀਆਂ ਲੱਗੀਆਂ ਰੌਣਕਾਂ

### ਕਣਕ ਦੀਆਂ ਨਵੀਆਂ ਕਿਸਮਾਂ ਦੀ ਦਿੱਤੀ ਜਾਣਕਾਰੀ



ਪੀ ਏ ਯੂ ਲੁਧਿਆਣਾ ਦੇ ਦੋ ਰੋਜ਼ਾ ਕਿਸਾਨ ਮੇਲੇ ਮੌਕੇ ਬਰਾੜ ਐਗਰੀਕਲਚਰ ਫਾਰਮ ਲੁਧਿਆਣਾ ਤੇ ਕਿਸਾਨਾਂ ਦੀਆਂ ਲੱਗੀਆਂ ਰੌਣਕਾਂ ਇਸ ਮੌਕੇ ਕਣਕ ਦੀਆਂ ਨਵੀਆਂ ਕਿਸਮਾਂ ਦੀ ਜਾਣਕਾਰੀ ਕਿਸਾਨਾਂ ਨੂੰ ਦਿੱਤੀ ਗਈ ਬਰਾੜ ਐਗਰੀਕਲਚਰ ਫਾਰਮ ਦੇ ਐਮ. ਡੀ ਹਰਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਇਸ ਮੇਲੇ ਵਿੱਚ ਕਣਕ ਦੀਆਂ ਨਵੀਆਂ ਕਿਸਮਾਂ ਦੀ ਜਾਣਕਾਰੀ ਦਿੱਤੀ ਗਈ ਜਿਨਾਂ ਵਿੱਚੋਂ ਮੁੱਖ ਤੌਰ ਤੇ ਆਈ ਏ ਆਰ ਆਈ ਦਿੱਲੀ ਵੱਲੋਂ ਪਾਸ ਕਣਕ ਦੀ ਨਵੀਂ ਕਿਸਮ ਐਚਡੀ 3386 ਹੈ ਇਸ ਦੀ ਬੀਜਾਈ ਦਾ ਸਮਾਂ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਹੈ ਇਸ ਦਾ ਔਸਤਨ ਕਦ 100 ਸੈਂ.ਮੀ ਤੱਕ ਹੁੰਦਾ ਹੈ ਇਹ ਕਿਸਮ 140 ਤੋਂ 145 ਦਿਨ ਵਿੱਚ ਪੱਕਦੀ ਹੈ ਇਸ ਕਿਸਮ ਦਾ ਫੁਟਾਰਾ ਬਹੁਤ ਜਿਆਦਾ ਹੁੰਦਾ ਹੈ ਇਹ ਕਿਸਮ ਪੀਲੀ ਕੁੰਗੀ ਤੇ ਭੂਰੀ ਕੁੰਗੀ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ ਇਸ ਕਿਸਮ ਦਾ ਝਾੜ ਹੁਣ ਤੱਕ ਆਈਆਂ ਕਿਸਮਾਂ ਨਾਲੋਂ ਵੱਧ ਨਿਕਲਿਆ ਹੈ ਇਹ ਕਿਸਮ ਡਿਗਦੀ ਨਹੀਂ ਹੈ ਇਸ ਦੇ ਦਾਣੇ ਮੋਟੇ ਤੇ ਚਮਕਦਾਰ ਹੁੰਦੇ ਹਨ ਅਤੇ ਇਹ ਪੌਸਟੀਕ ਤੱਤਾਂ ਨਾਲ ਭਰਪੂਰ ਹੈ ਤੇ ਖਾਣ ਲਈ ਬਹੁਤ ਸਵਾਦੀ ਹੁੰਦੀ ਹੈ। ਇਸ ਕਿਸਮ ਨੂੰ ਪੰਜਾਬ, ਹਰਿਆਣਾ, ਯੂਪੀ ਆਦਿ ਰਾਜਾਂ ਵਿੱਚ ਬੀਜਣ ਦੀ ਸਿਫਾਰਿਸ ਕੀਤੀ ਗਈ ਹੈ। ਉਹਨਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀ ਲਾਹੇਵੰਦ ਕਿਸਮ ਪੀ ਏ ਯੂ ਲੁਧਿਆਣਾ ਵੱਲੋਂ ਸਿਫਾਰਿਸ ਕੀਤੀ ਨਵੀਂ ਕਿਸਮ ਪੀ ਬੀ ਡਬਲਿਊ 872 ਹੈ (ਜਾਣਕਾਰੀ ਹਿਤ) ਇਸ ਦਾ ਕੱਦ 100 ਸੈਂ. ਮੀ ਤੱਕ ਹੁੰਦਾ ਹੈ ਇਹ ਕਿਸਮ ਤਕਰੀਬਨ 152 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ ਇਸ ਕਿਸਮ ਦਾ ਝਾੜ 24 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ ਇਹ ਕਿਸਮ ਗਰਮੀ ਦੇ ਤਾਪਮਾਨ ਦਾ ਟਾਕਰਾ ਕਰਨ ਦੀ ਸਮਰਥਾ ਰੱਖਦੀ ਹੈ ਇਹ ਕਿਸਮ ਭੂਰੀ ਤੇ ਪੀਲੀ ਕੁੰਗੀ ਦਾ ਟਾਕਰਾ ਕਰ ਸਕਦੀ ਹੈ। ਇਸ ਦਾ ਨਾੜ ਮੋਟਾ ਹੋਣ ਕਰਕੇ ਇਹ ਕਿਸਮ ਡਿੱਗਦੀ ਨਹੀਂ ਇਸ ਕਿਸਮ ਦੇ ਦਾਣੇ ਚਮਕੀਲੇ ਅਤੇ ਮੋਟੇ ਹੁੰਦੇ ਹਨ ਇਹ ਕਿਸਮ ਅਗੇਤੀ ਅਤੇ ਪਿਛੇਤੀ ਕਿਸਮ ਹੈ ਇਸ ਦੀ ਬੀਜਾਈ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਕੀਤੀ ਜਾ ਸਕਦੀ ਹੈ।

ਉਹਨਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀਆਂ ਹੋਰ ਕਿਸਮਾਂ ਡੀ ਬੀ ਡਬਲਊ 327, ਡੀ ਬੀ ਡਬਲਊ 371, 372, ਡੀ ਬੀ ਡਬਲਊ 222, ਡੀ ਬੀ ਡਬਲਊ 187, ਐਚਡੀ 3086 ਵੀ ਕਿਸਮਾਂ ਵਧੇਰੇ ਲਾਹੇਵੰਦ ਹਨ ਉਹਨਾਂ ਦੱਸਿਆ ਕਿ ਚਾਰੇ ਦੀਆਂ ਕਿਸਮਾਂ ਦੀ ਬੀਜਾਈ ਦਾ ਢੁਕਵਾਂ ਸਮਾਂ ਚੱਲ ਰਿਹਾ ਹੈ ਜਿਨਾਂ ਵਿੱਚੋਂ ਬਰਸੀਮ ਬੀ ਐਲ 10, ਹਾੜੂ, ਬੀਐਲ 42, ਰਾਈ ਘਾਹ ਨੰਬਰ 1, ਮੱਖਣ ਘਾਹ, ਜਵਾਂ ਕੈਂਟ ਹੋਰ ਕਿਸਮਾਂ ਛੋਲੇ, ਮਸਰ, ਮਟਰ, ਅਲਸੀ, ਸਰੋਂਆ, ਤੋਰੀਆ, ਰਾਹਿਆ ਸਰੋ, ਗੋਭੀ ਸਰ੍ਹੋਂ ਉਹਦੀ ਕਿਸਮਾਂ ਦੀ ਬੀਜਾਈ ਕਰਕੇ ਕਿਸਾਨ ਭਰਾ ਵਧੇਰੇ ਮੁਨਾਫਾ ਲੈ ਸਕਦੇ ਹਨ। ਇਸ ਮੌਕੇ ਨਵਰੂਪ ਬਰਾੜ ਮੈਨੇਜਰ ਕਮਲ ਸਰਮਾ, ਜਗਤਾਰ ਬਾਠ, ਹਰਪਾਲ ਸਿੰਘ, ਰਾਮ ਬਹਾਦਰ, ਮੁਸਤਾਕ ਅਹਿਮਦ, ਪ੍ਰੀਤ ਮੋਹਨ ਸਿੰਘ ਗਿੱਲ ਆਦਿ ਹਾਜਰ ਸਨ।

# ਅਕਤੂਬਰ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

ਲੜੀ ਜੋੜਨ ਲਈ 20-09-2025 ਦਾ ਅੰਕ ਪੜ੍ਹੋ।

**ਗੇਂਦਾ** : ਗੇਂਦੇ ਦੀ ਪਨੀਰੀ ਇਸ ਮਹੀਨੇ ਤਿਆਰ ਕੀਤੇ ਖੇਤ ਵਿੱਚ ਲਗਾਉ ਜਿਸ ਤੋਂ ਸਰਦੀ ਰੁੱਤ ਵਿੱਚ ਫੁੱਲ ਲਏ ਜਾ ਸਕਣ।

**ਪਸ਼ੂ ਪਾਲਣ** : ਮੱਝਾਂ ਵਿੱਚ ਜੇ ਪਸ਼ੂ ਸ਼ਾਮੀਂ ਹੇਹੇ ਵਿੱਚ ਆਵੇ ਤਾਂ ਟੀਕਾ ਸਵੇਰੇ ਲਗਵਾਉ ਅਤੇ ਜੇ ਸਵੇਰੇ ਬੋਲੇ ਤਾਂ ਸ਼ਾਮ ਵੇਲੇ ਲਗਵਾ ਲਉ। ਦੋਗਲੀਆਂ ਗਾਵਾਂ ਵਿੱਚ ਟੀਕਾ ਅੱਧੇ ਹੇਹੇ ਦੇ ਅਖੀਰ ਜਾਂ ਹੇਹਾ ਖਤਮ ਹੋਣ ਤੋਂ 8-10 ਘੰਟੇ ਪਹਿਲਾਂ ਲਗਵਾਉ। 18-21 ਦਿਨ ਬਾਅਦ



ਦੁਬਾਰਾ ਹੇਹੇ ਵਾਸਤੇ ਵੇਖੋ। ਆਸ ਹੋਣ ਤੇ ਢਾਈ ਤਿੰਨ ਮਹੀਨੇ ਬਾਅਦ ਪਸ਼ੂ ਦੀ ਗਰਭ ਵਾਸਤੇ ਪਰਖ ਕਰਵਾਉ। ਸ਼ੈਡ ਅੰਦਰ ਪਰਾਲੀ ਜਾਂ ਰੇਤ ਦੀ ਸੁੱਕ ਪਾ ਦਿਉ ਤਾਂ ਕਿ ਇਹ ਅੰਦਰੋਂ ਸੁੱਕਾ ਅਤੇ ਨਿੱਘਾ ਰਹੇ। ਕੱਟੜੂ/ਵੱਛੜੂ ਦੇ ਸਮੇਂ ਸਿਰ ਸਿੰਗ ਦਗਵਾਉ ਅਤੇ ਸਮੇਂ-ਸਮੇਂ ਸਿਰ ਮਲ੍ਹੱਪ ਰਹਿਤ ਕਰੋ। ਬਦਲਦੇ ਮੌਸਮ ਵਿੱਚ ਦੋਗਲੇ ਪਸ਼ੂਆਂ ਨੂੰ ਕਈ ਬੀਮਾਰੀਆਂ ਹੁੰਦੀਆਂ ਹਨ, ਇਸ ਲਈ ਇਨ੍ਹਾਂ ਦਾ ਖਾਸ ਧਿਆਨ ਰੱਖੋ। ਬਿਮਾਰੀ ਦੀ ਹਾਲਤ ਵਿੱਚ ਡਾਕਟਰ ਦੀ ਸਲਾਹ ਲਵੋ। ਜ਼ਿਆਦਾ ਦੁੱਧ ਵਾਸਤੇ ਪਸ਼ੂਆਂ ਦੀ ਚੁਆਈ ਜਲਦੀ, ਸ਼ਾਂਤ, ਸਾਫ਼-ਸੁਥਰੇ ਮਾਹੌਲ ਅਤੇ ਸਹੀ ਤਰੀਕੇ ਨਾਲ ਕਰੋ। ਪਸ਼ੂਆਂ ਵਿੱਚ ਚਿੱਚੜਾਂ ਦੇ ਹਮਲੇ ਲਈ ਚੌਕਸ ਰਹੋ। ਧੱਫੜੀ ਬਿਮਾਰੀ (ਲੰਪੀ ਸਕਿਨ ਡਿਜ਼ੀਜ਼) ਤੋਂ ਬਚਾਅ ਲਈ ਪਸ਼ੂਆਂ ਨੂੰ ਬਿਮਾਰ ਪਸ਼ੂਆਂ ਦੇ ਸੰਪਰਕ ਵਿੱਚ ਆਉਣ ਤੋਂ ਰੋਕੋ। ਆਪਣੀ ਅਤੇ ਕਾਮਿਆਂ ਦੀ ਦੂਜੇ ਫਾਰਮਾਂ ਤੇ ਆਵਾਜਾਈ ਅਤੇ ਬਾਹਰਲੇ ਵਿਅਕਤੀਆਂ ਦੇ ਫਾਰਮ ਤੇ ਆਉਣ ਜਾਣ ਤੇ ਰੋਕ ਲਗਾਓ। ਚਿੱਚੜਾਂ, ਮੱਛਰਾਂ ਮੱਖੀਆਂ ਨੂੰ ਫਾਰਮ ਤੋਂ ਦੂਰ ਰੱਖਣ ਲਈ ਗੋਹੇ ਦੀਆਂ ਪਾਥੀਆਂ ਤੇ ਗੁਗੱਲ, ਮੁਸ਼ਕ ਕਾਫੂਰ ਅਤੇ ਨਿੰਮ ਦੇ ਪੱਤਿਆਂ ਦੀ ਸਵੇਰੇ ਸ਼ਾਮ ਧੂਣੀ ਕਰੋ। ਰੋਗੀ ਪਸ਼ੂਆਂ ਦੇ ਪਿੰਡੇ ਤੇ ਸਾਫ ਕੱਪੜੇ ਨਾਲ ਫੱਟਕੜੀ ਦਾ ਘੋਲ ਲਗਾਓ। ਤੰਦਰੁਸਤ ਪਸ਼ੂਆਂ ਦਾ ਗੋਟ ਪੌਕਸ ਵੈਕਸੀਨ ਨਾਲ ਟੀਕਾਕਰਣ ਕਰਾਓ।

**ਮੁਰਗੀ ਪਾਲਣ** : ਆਂਡਿਆਂ ਦੀ ਪੈਦਾਵਾਰ ਵਿੱਚ ਰੌਸ਼ਨੀ ਦਾ ਮਹੱਤਵਪੂਰਨ ਹਿੱਸਾ ਹੈ। ਸੌ ਮੁਰਗੀਆਂ ਨੂੰ 14-16 ਘੰਟੇ (ਦਿਨ ਦੀ ਰੌਸ਼ਨੀ ਮਿਲਾ ਕੇ) ਰੌਸ਼ਨੀ ਦੇਣੀ ਚਾਹੀਦੀ ਹੈ ਅਤੇ ਸ਼ੁਰੂ ਵਿੱਚ ਹੌਲੀ-ਹੌਲੀ ਵਧਾਉਣੀ ਚਾਹੀਦੀ ਹੈ। ਅੰਡੇ ਦਾ ਛਿਲਕਾ ਪਤਲਾ ਨਾ ਹੋਵੇ ਇਸ ਲਈ ਪੱਥਰ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ। ਹਫ਼ਤੇ ਵਿੱਚ 2-3 ਵਾਰ ਸੁੱਕ ਨੂੰ ਹਿਲਾਉਣਾ ਚਾਹੀਦਾ ਹੈ ਤਾਂ ਜੋ ਸੁੱਕੀ ਰਹਿ ਸਕੇ। ਮੀਟ ਵਾਲੇ ਚੂਚੇ ਪਾਲਣ ਲਈ ਇਹ ਵਧੀਆ ਮੌਸਮ ਹੈ। ਸੋ ਕਿਸੇ ਭਰੋਸੇਯੋਗ ਹੈਚਰੀ ਤੋਂ ਚੂਚੇ ਬੁੱਕ ਕਰਵਾਉ। ਚੂਚਿਆਂ ਦੀ ਉਮਰ ਮੁਤਾਬਕ ਖੁਰਾਕ ਦਿਉ।

**ਵਣ ਖੇਤੀ**

**ਪਾਪਲਰ** :

★ ਪਾਪਲਰ ਦੀਆਂ ਨਰਸਰੀਆਂ ਅਤੇ ਪਲਾਂਟੇਸ਼ਨਾਂ ਨੂੰ ਪਾਣੀ ਪੰਦਰਾਂ ਦਿਨਾਂ ਬਾਅਦ ਲਗਾਉਣਾ ਚਾਹੀਦਾ ਹੈ।

★ ਇਸ ਸਮੇਂ ਪਾਪਲਰ ਦੀ ਪੱਤੇ ਝਾੜਨ ਵਾਲੀ ਸੁੰਡੀ ਅਤੇ ਪੱਤਾ ਲਪੇਟ ਸੁੰਡੀ ਦਾ ਹਮਲਾ ਜ਼ਿਆਦਾ ਹੁੰਦਾ ਹੈ। ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ ਇਨ੍ਹਾਂ ਦੁਆਰਾ ਪ੍ਰਭਾਵਿਤ ਪੱਤਿਆਂ ਨੂੰ ਇਕੱਠੇ ਕਰਕੇ ਸਾੜ ਦਿਉ।

★ ਇਸ ਮਹੀਨੇ ਪਾਪਲਰ ਹੇਠਾਂ ਗੰਨ ਜਾਂ ਸਰ੍ਹੋਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਬੇਰੀਆਂ, ਤੋਰੀਏ ਅਤੇ ਸਰ੍ਹੋਂ ਦੀ ਫ਼ਸਲ ਤੋਂ ਵੱਧ ਤੋਂ ਵੱਧ ਸ਼ਹਿਦ ਦੀ ਪ੍ਰਾਪਤੀ ਲਈ ਸ਼ਹਿਦ ਮੱਖੀਆਂ ਦੇ ਕਟੁੰਬਾਂ ਦੀ ਬਲਤਾ ਵਧਾਉਣ ਦੇ ਲੋੜੀਂਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਜੇ ਸੰਭਵ ਹੋਵੇ ਤਾਂ ਕਟੁੰਬਾਂ ਦੀ ਹਿਜ਼ਰਤ ਇਨ੍ਹਾਂ ਫ਼ਸਲਾਂ ਵਾਲੇ ਇਲਾਕਿਆਂ ਵਿੱਚ ਕੀਤੀ ਜਾਵੇ ਤਾਂ ਕਿ ਸ਼ਹਿਦ ਦੀ ਉਪਜ ਅਤੇ ਕਟੁੰਬਾਂ ਦਾ ਬਲਤਾ ਵੱਧ ਸਕੇ। ਬਾਹਰੀ ਪ੍ਰਜੀਵੀ ਬਰੂਡ ਮਾਈਟ/ਚਿੱਚੜੀ (ਟਰੋਪਲੀਲੈਪਸ ਕਲੇਰੀ) ਦੇ ਹਮਲੇ ਦੀ ਸੂਰਤ ਵਿੱਚ ਅੰਦਰਲੇ ਢੱਕਣ ਹੇਠਾਂ ਛੱਤਿਆਂ ਦੇ ਉੱਪਰਲਿਆਂ ਡੰਡਿਆਂ ਉੱਤੇ ਗੰਧਕ ਦਾ ਧੂੜਾ ਇੱਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ। ਢੁੱਕਵੇਂ ਬਦਲਾਅ ਦੇ ਤੌਰ



ਤੇ ਫਾਰਮਿਕ ਐਸਿਡ (85%) ਪੰਜ ਮਿ.ਲਿ. ਹਰ ਰੋਜ਼ ਦੇ ਹਿਸਾਬ ਨਾਲ ਲਗਾਤਾਰ 14 ਦਿਨ ਵਰਤੋਂ। ਫਾਰਮਿਕ ਐਸਿਡ ਵਰੋਆ ਚਿੱਚੜੀ ਦੀ ਰੋਕਥਾਮ ਲਈ ਵੀ ਫ਼ਾਇਦੇਮੰਦ ਹੈ। ਫਾਰਮਿਕ ਐਸਿਡ ਦੀ ਵਰਤੋਂ ਨੈਕਟਰ ਦੀ ਆਮਦ ਸਮੇਂ ਨਹੀਂ ਕਰਨੀ ਚਾਹੀਦੀ। ਵਰੋਆ ਚਿਚੜੀ ਦਾ ਜ਼ਿਆਦਾ ਹਮਲਾ ਹੋਣ ਦੀ ਸੂਰਤ ਵਿੱਚ ਫਾਰਮਿਕ ਐਸਿਡ ਦੀ ਵਰਤੋਂ ਦੇ ਨਾਲ ਸੀਲ ਡਰੋਨ ਬਰੂਡ ਵਾਲੇ ਛੱਤਿਆਂ ਨੂੰ ਕੱਟ ਕੇ ਨਸ਼ਟ ਕਰਨਾ ਅਤੇ ਬੌਟਮ ਬੋਰਡ ਉੱਤੇ ਚਿਪਕਣ ਵਾਲਾ ਕਾਗਜ਼ (ਸਟਿੱਕਰ) ਰੱਖਣਾ, ਇਸ ਚਿੱਚੜੀ ਦੀ ਰੋਕਥਾਮ ਵਾਸਤੇ ਸਹਾਈ ਹੁੰਦੇ ਹਨ। ਛੱਤਿਆਂ ਦੇ ਵਿਚਾਲੇ ਦੇਰ ਸ਼ਾਮ ਵੇਲੇ 1.5 ਗ੍ਰਾਮ ਬਰੀਕ ਪੀਸੀ ਖੰਡ ਪ੍ਰਤੀ ਫਰੇਮ ਕਟੁੰਬ ਵਿੱਚ ਮੌਜੂਦ ਛੱਤਿਆਂ ਵਿਚਕਾਰ ਵਿੱਥ ਵਿੱਚ 3 ਦਿਨ ਦੇ ਵਕਫੇ 8 ਵਾਰ ਇਕਸਾਰ ਧੂੜ ਕੇ ਵੀ ਇਸ ਚਿੱਚੜੀ ਦੀ ਰੋਕਥਾਮ ਹੋ ਸਕਦੀ ਹੈ। ਐਗਜ਼ੈਲਿਕ ਐਸਿਡ ਦਾ ਘੋਲ ਤਿਆਰ ਕਰਕੇ (4.2%, ਖੰਡ ਦੇ ਪਾਣੀ ਵਿੱਚ 60% ਘੋਲ ਵਿੱਚ) 75 ਮਿ.ਲਿ. ਪ੍ਰਤੀ ਮੱਖੀ ਛੱਤੇ ਦੇ ਹਿਸਾਬ ਨਾਲ ਇਸ ਦੀ ਦੇਰ ਸ਼ਾਮ ਨੂੰ ਮੱਖੀਆਂ ਉੱਤੇ ਹਫ਼ਤੇ-ਹਫ਼ਤੇ ਦੇ ਵਕਫੇ ਤੇ ਤਿੰਨ ਵਾਰ ਛਿੜਕਾਅ ਕਰਨ ਨਾਲ ਵੀ ਇਸ ਚਿੱਚੜੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਕਟੁੰਬਾਂ ਵਿੱਚ ਢੁੱਕਵੀਂ ਵਿੱਥ ਰੱਖ ਕੇ ਅਤੇ ਸ਼ਹਿਦ ਸਿਰਫ਼ ਬਰੂਡ ਰਹਿਤ ਸੁਪਰਾਂ ਵਿੱਚੋਂ ਹੀ ਕੱਢ ਕੇ, ਜੋ ਕਿ ਰਾਣੀ ਨਿਖੇੜੂ ਜਾਲੀ ਦੁਆਰਾ ਬਰੂਡ ਚੈਂਬਰ ਨਾਲੋਂ ਅੱਡ ਕੀਤੇ ਹੋਣ, ਸ਼ਹਿਦ ਦੀ ਮੱਖੀ ਫਾਰਮ ਵਿੱਚ ਇਸ ਚਿੱਚੜੀ ਦੇ ਫੈਲਾਅ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਬਹੁਤ ਬਿਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦੇ ਹੋਣ ਦੇ ਸ਼ੱਕ ਦੀ ਸੂਰਤ ਵਿੱਚ ਮਾਹਿਰਾਂ ਦੀ ਸਲਾਹ ਲਉ ਅਤੇ ਸੁਝਾਏ ਰੋਕਥਾਮ ਦੇ ਉਪਰਾਲੇ ਕਰੋ। ਗੈਰ-ਰਸਾਇਣਕ ਤਰੀਕਿਆਂ ਨੂੰ ਤਰਜੀਹ ਦਿਉ। ਸ਼ੱਕੀ ਕਟੁੰਬ ਤੰਦਰੁਸਤ ਕਟੁੰਬਾਂ ਨਾਲੋਂ ਅੱਡ ਕਰ ਦਿਉ। ਬਿਮਾਰੀਆਂ ਦੀ ਰੋਕਥਾਮ ਲਈ ਐਂਟੀਬਾਇਓਟਿਕਾਂ ਦੀ ਵਰਤੋਂ ਨਾ ਕਰੋ। ਢੁੱਕਵੇਂ ਮੌਸਮ ਅਤੇ ਫੁੱਲ-ਫੁਲਾਕੇ ਵਾਲੇ ਇਲਾਕੇ ਵਿੱਚ, ਕਟੁੰਬਾਂ ਦੀ ਕਾਰਗੁਜ਼ਾਰੀ ਅਤੇ ਬਲਤਾ ਅਨੁਸਾਰ, ਕਟੁੰਬਾਂ ਵਿੱਚ ਨਿਖੱਟੂ (ਡਰੋਨ) ਮੱਖੀਆਂ ਹੋਣ ਦੀ ਹਾਲਤ ਵਿੱਚ, ਕਟੁੰਬਾਂ ਦੇ ਵਾਧੇ ਲਈ, ਪੁਰਾਣੀਆਂ ਰਾਣੀਆਂ ਤਬਦੀਲ ਕਰਨ ਲਈ ਜਾਂ ਵਾਧੂ ਰਾਣੀ ਮੱਖੀਆਂ ਤਿਆਰ ਕਰਕੇ ਵੇਚਣ ਲਈ ਸਮੂਹਿਕ ਸਮਕਾਲੀ ਰਾਣੀ ਮੱਖੀਆਂ ਤਿਆਰ ਕਰਨ ਦੀ ਵਿਧੀ ਰਾਹੀਂ ਰਾਣੀ ਮੱਖੀਆਂ ਤਿਆਰ ਕਰਨ ਦੀ ਵਿਧੀ ਰਾਹੀਂ ਮੱਖੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ।

**ਖੁੰਬਾਂ ਦੀ ਕਾਸ਼ਤ** : ਬਟਨ ਖੁੰਬ ਦੀ ਕਾਸ਼ਤ ਕੰਪੋਸਟ ਦੀ ਤਿਆਰੀ ਦੌਰਾਨ, ਖੁੰਬ ਘਰ ਨੂੰ 4-5% ਫਾਰਮਲਿਨ ਦੇ ਘੋਲ ਦਾ ਛਿੜਕਾਅ ਕਰਕੇ ਕੀਟਾਣੂ ਰਹਿਤ ਕਰੋ। ਇਸ ਮਹੀਨੇ ਦੇ 2-3 ਹਫ਼ਤੇ ਦੌਰਾਨ ਗੂੜ੍ਹੇ ਭੂਰੇ ਰੰਗ ਦੀ ਤਿਆਰ



ਕੰਪੋਸਟ ਵਿੱਚ ਬੀਜ ਰਲਾ ਦਿਓ। ਬੀਜ ਰਲਾਉਣ ਤੋਂ ਬਾਅਦ ਕੰਪੋਸਟ ਨੂੰ ਮੋਮੀ ਲਿਫਾਫੇ ਜਾਂ ਲੱਕੜ ਦੀਆਂ ਪੇਟੀਆਂ ਵਿੱਚ ਭਰੋ। ਇਸ ਤੋਂ ਇਲਾਵਾ ਕੰਪੋਸਟ ਬੈਡ ਬਣਾ ਕੇ ਉਸਨੂੰ ਅਖਬਾਰਾਂ ਨਾਲ ਢੱਕ ਦਿਓ। ਨਮੀ ਬਰਕਰਾਰ ਰੱਖਣ ਲਈ ਰੋਜ਼ਾਨਾ ਦਿਨ ਵਿੱਚ ਇੱਕ ਵਾਰ ਪਾਣੀ ਦਾ ਛਿੜਕਾਅ ਕਰੋ। ਮੋਮੀ ਲਿਫ਼ਾਫ਼ਿਆਂ ਵਿੱਚ ਕਾਸ਼ਤ ਦੇ ਦੌਰਾਨ ਪੂਰੀ ਤਰ੍ਹਾਂ ਰੇਸ਼ਾ ਫੈਲਣ ਤੱਕ ਪਾਣੀ ਦੇ ਛਿੜਕਾਅ ਦੀ ਲੋੜ ਨਹੀਂ ਹੈ। ਕਾਸ਼ਤ ਦੌਰਾਨ, ਰੇਸ਼ਾ ਫੈਲਣ ਤੱਕ ਹਵਾ ਦੇ ਆਦਾਨ ਪ੍ਰਦਾਨ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਕੇਸਿੰਗ ਮਿੱਟੀ ਤਿਆਰ ਕਰਨ ਲਈ ਰੂੜੀ ਖਾਦ ਅਤੇ ਰੇਤਲੀ ਮਿੱਟੀ (4:1) ਨੂੰ 4-5% ਫਾਰਮਲਿਨ ਘੋਲ ਨਾਲ ਕੀਟਾਣੂ ਰਹਿਤ ਕਰੋ। ਇਸੇ ਮਹੀਨੇ ਦੌਰਾਨ ਰੂੜੀ ਦੀ ਵਰਤੋਂ ਨਾਲ ਢੀਂਗਰੀ ਖੁੰਬ ਦੀ ਕਾਸ਼ਤ ਵੀ ਸ਼ੁਰੂ ਕਰ ਦਿੱਤੀ ਜਾਂਦੀ ਹੈ। ਅਗਲੀ ਗਰਮੀਆਂ ਦੇ ਸੀਜ਼ਨ ਵਾਸਤੇ ਪਰਾਲੀ ਖੁੰਬ ਦੀ ਕਾਸ਼ਤ ਲਈ ਇਸ ਮਹੀਨੇ ਦੌਰਾਨ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਸੁੱਕੀ ਜਗ੍ਹਾ ਤੇ ਜਮ੍ਹਾ ਕਰ ਲਓ।

# ਅਸਥਾਈ ਅਵਸਥਾ ਦੌਰਾਨ ਪਸ਼ੂਆਂ ਦੀ ਦੇਖਭਾਲ

ਗੁਰਅੰਸ਼ਪ੍ਰੀਤ ਸਿੰਘ ਸੇਠੀ ਅਤੇ ਅਜੇ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ, ਫਤਿਹਗੜ੍ਹ ਸਾਹਿਬ (ਮੋ. 80546-55333)

ਪਸ਼ੂਆਂ ਵਿੱਚ ਸੂਣ ਤੋਂ 21 ਦਿਨ ਪਹਿਲਾਂ ਅਤੇ ਸੂਣ ਤੋਂ 21 ਦਿਨ ਬਾਅਦ ਵਾਲੇ ਸਮੇਂ ਨੂੰ ਅਸਥਾਈ ਅਵਸਥਾ ਕਿਹਾ ਜਾਂਦਾ ਹੈ। ਇਸ ਸਮੇਂ ਦੌਰਾਨ ਵਰਤੀ ਗਈ ਲਾਪਰਵਾਹੀ ਅਸਫਲਤਾ ਜਾਂ ਨਕਾਰਾਤਮਕ ਨਤੀਜੇ ਜਿਵੇਂ ਕਿ ਸੂਣ ਤੋਂ ਬਾਅਦ ਆਉਣ ਵਾਲੀ ਸਮੱਸਿਆਵਾਂ (ਰਿਟੇਂਡ ਪਲੇਸੈਂਟਾ, ਕੀਟੋਸਿਸ, ਦੁੱਧ ਬੁਖਾਰ ਜਾਂ ਵਿਸਥਾਪਿਤ ਅਬੋਮਾਸਮ), ਘੱਟ ਦੁੱਧ ਉਤਪਾਦਨ, ਲੰਗੜਾਪਨ ਅਤੇ ਮਾਸਟਾਈਟਸ ਆਦਿ ਵਰਗੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹਨ। ਇਸ ਲਈ ਇੱਕ ਗਾਂ/ਮੱਝ ਦੇ ਉਤਪਾਦਨ ਚੱਕਰ ਵਿੱਚ ਟ੍ਰਾਂਜ਼ਿਸ਼ਨ ਸਮਾਂ ਇੱਕ ਮਹੱਤਵਪੂਰਨ ਅਵਸਥਾ ਹੁੰਦੀ ਹੈ ਅਤੇ ਇਸ ਸਮੇਂ ਹੇਠ ਲਿਖੇ ਸੁਝਾਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ :

★ ਅਸਥਾਈ ਅਵਸਥਾ ਦੌਰਾਨ ਗਾਂ/ਮੱਝ ਨੂੰ ਬਾਕੀ ਪਸ਼ੂਆਂ ਨਾਲੋਂ ਆਰਾਮਦਾਇਕ ਸ਼ੈਡ ਵਿੱਚ ਅੱਲਗ ਰੱਖਣਾ ਚਾਹੀਦਾ ਹੈ ਅਤੇ ਪਸ਼ੂ ਦਾ ਸ਼ੈਡ ਵਾਰ-ਵਾਰ ਨਹੀਂ ਬਦਲਣਾ ਚਾਹੀਦਾ।

★ ਗੱਭਣ ਗਾਂ/ਮੱਝ ਨੂੰ ਉੱਚੀ ਥਾਂ ਤੇ ਨਹੀਂ ਲੈ ਕੇ ਜਾਣਾ ਚਾਹੀਦਾ।

★ ਪਸ਼ੂ ਦਾ ਸ਼ੈਡ ਸਾਫ਼-ਸੁਥਰਾ, ਖੁੱਲਾ-ਡੁਲਾ ਅਤੇ ਮੌਸਮੀ ਸਥਿਤੀ ਦੇ ਅਨੁਸਾਰ ਅਨੁਕੂਲ ਹੋਣਾ ਚਾਹੀਦਾ ਹੈ। ਫਰਸ਼ ਨਾ-ਤਿਲਕਣ ਵਾਲਾ ਅਤੇ ਸੁੱਕਾ ਹੋਣਾ ਚਾਹੀਦਾ ਹੈ।

★ ਅਸਥਾਈ ਅਵਸਥਾ ਦੌਰਾਨ ਵੱਧ ਦੁੱਧ ਦੇਣ ਵਾਲੀ ਗਾਂ/ਮੱਝ ਦੀ ਖੁਰਾਕ ਵਿੱਚ ਉਰਜਾ ਦੀ ਪੂਰਤੀ ਲਈ ਬਾਈਪਾਸ ਫੈਟ 100-150 ਗ੍ਰਾਮ/ਪਸ਼ੂ/ਦਿਨ ਜਾਂ 15-20 ਗ੍ਰਾਮ ਪ੍ਰਤੀ ਕਿਲੋਗ੍ਰਾਮ ਦੁੱਧ ਉਤਪਾਦਨ ਦੇ ਹਿਸਾਬ ਨਾਲ ਦੇਣਾ ਚਾਹੀਦਾ ਹੈ। ਸੂਣ ਤੋਂ 15-20 ਦਿਨ ਪਹਿਲਾਂ ਧਾਤਾਂ ਦਾ ਚੂਰਾ ਅਤੇ ਕੈਲਸ਼ੀਅਮ ਬੰਦ ਕਰ ਦੇਣਾ ਚਾਹੀਦਾ ਹੈ।

★ ਫੀਡ ਵਿੱਚ ਪ੍ਰੋਟੀਨ ਦੀ ਮਾਤਰਾ ਬਹੁਤ ਜ਼ਰੂਰੀ ਹੈ ਅਤੇ ਇਹ ਭਰੂਣ ਦੇ ਵਿਕਾਸ, ਛਾਤੀਆਂ ਦੀਆਂ ਗ੍ਰੰਥੀਆਂ ਦੇ ਵਿਕਾਸ, ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਖੁਰਾਕ ਵਿੱਚ ਘੱਟ ਪ੍ਰੋਟੀਨ ਦੁੱਧ ਉਤਪਾਦਨ ਅਤੇ ਪ੍ਰਤੀਰੋਧਕ ਸ਼ਕਤੀ ਵਿੱਚ ਕਮੀ ਦਾ ਕਾਰਨ ਬਣ ਸਕਦਾ ਹੈ।

★ ਲੋੜੀਂਦੇ ਪੱਧਰ ਦੇ ਖਣਿਜ ਅਤੇ ਵਿਟਾਮਿਨ ਖੁਰਾਕ ਵਿੱਚ ਸ਼ਾਮਲ ਕਰਨੇ ਚਾਹੀਦੇ ਹਨ।

★ ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਖੁਰਾਕ ਹੌਲੀ-ਹੌਲੀ ਬਦਲਣੀ ਚਾਹੀਦੀ ਹੈ। ਅਚਾਨਕ ਤਬਦੀਲੀ ਮਹਿਦੇ ਦੇ ਸੂਖਮ ਜੀਵ ਨੂੰ ਪ੍ਰਭਾਵਿਤ ਕਰੇਗੀ ਅਤੇ ਪਾਚਨ ਕਿਰਿਆ ਵਿੱਚ ਵੀ ਸਮੱਸਿਆ ਆ ਸਕਦੀ ਹੈ।

★ ਸੂਣ ਤੋਂ ਬਾਅਦ ਗਾਂ/ਮੱਝ ਨੂੰ 10-15 ਲਿਟਰ ਕੋਸਾ ਜਾਂ ਤਾਜ਼ਾ ਪਾਣੀ ਪੀਣ ਲਈ ਮੁਹੱਈਆ ਕਰਵਾਓ, ਇਸ ਦੇ ਨਾਲ 5 ਪ੍ਰਤੀਸ਼ਤ ਗੁੜ ਦੇਣ ਨਾਲ ਮੱਝ/ਗਾਂ ਨੂੰ ਇਕਦਮ ਉਰਜਾ ਮਿਲੂਗੀ ਤੇ ਜੇਰ ਆਦਿ ਦੀ ਸਮੱਸਿਆ ਵੀ ਘੱਟ ਹੋਵੇਗੀ।

★ ਗਾਂ/ਮੱਝ ਦੇ ਪਿਛੇ ਨੂੰ ਕੋਸੇ ਪਾਣੀ ਨਾਲ ਚੰਗੀ ਤਰ੍ਹਾਂ ਧੋ ਦਿਓ। ਇਸ ਤੋਂ ਬਾਅਦ ਕੱਟੜੂ-ਵੱਛੜੂ ਨੂੰ ਜਨਮ ਦੇ 2 ਘੰਟੇ ਦੇ ਅੰਦਰ ਬਹੁਲੀ ਪਿਲਾ ਦਿਓ ਅਤੇ ਪਸ਼ੂ ਦੀ ਚੁਆਈ ਕਰ ਲਓ।

★ ਸੂਣ ਤੋਂ 2-3 ਦਿਨ ਤੱਕ ਗਾਂ/ਮੱਝ ਦਾ ਸਾਰਾ ਦੁੱਧ ਨਾ ਕੱਢੋ।

★ ਆਮ ਤੌਰ ਤੇ 6-8 ਘੰਟੇ ਵਿੱਚ ਜੇਰ ਪੈ ਜਾਂਦੀ ਹੈ, ਪਰ ਜੇਕਰ ਸੂਣ ਤੋਂ 12 ਘੰਟੇ ਬਾਅਦ ਵੀ ਜੇਰ ਨਾ ਪਵੇ ਤਾਂ ਡਾਕਟਰ ਦੀ ਮਦਦ ਲਓ। ਇਹ ਧਿਆਨ ਰੱਖਿਆ ਜਾਵੇ ਕਿ ਗਾਂ/ਮੱਝ ਆਪਣੀ ਜੇਰ ਨਾ ਖਾ ਲਵੇ, ਇਸ ਨਾਲ ਗਾਂ/ਮੱਝ ਦਾ ਦੁੱਧ ਘੱਟ ਜਾਵੇਗਾ ਅਤੇ ਬੰਨ ਦੀ ਸਮੱਸਿਆ ਆ ਸਕਦੀ ਹੈ।

# 26 ਅਤੇ 27 ਸਤੰਬਰ ਨੂੰ ਪੀ.ਏ.ਯੂ. ਲੁਧਿਆਣਾ ਵਿਖੇ ਲੱਗੇ ਕਿਸਾਨ ਮੇਲੇ ਦੀਆਂ ਝਲਕੀਆਂ






























































ਚੌਖੇ ਮੁਨਾਫ਼ੇ ਲਈ ਇੰਝ ਕਰੋ

# ਅਗੇਤੇ ਮਟਰਾਂ ਦੀ ਕਾਸ਼ਤ

ਮਟਰ ਠੰਡੇ ਮੌਸਮ ਦੀ ਮੁੱਖ ਫ਼ਸਲ ਹੈ। ਪੰਜਾਬ ਵਿੱਚ ਮਟਰਾਂ ਹੇਠ 43.88 ਹਜ਼ਾਰ ਹੈਕਟੇਅਰ ਰਕਬਾ ਹੈ ਜਿਸ ਵਿੱਚੋਂ 467.0 ਹਜ਼ਾਰ ਟਨ ਪੈਦਾਵਾਰ ਹੁੰਦੀ ਹੈ। ਇਸ ਵਿੱਚ ਖੁਰਾਕੀ ਤੱਤ ਜਿਵੇਂ ਕਿ ਪ੍ਰੋਟੀਨ, ਕਾਰਬੋਹਾਈਡ੍ਰੇਟ ਅਤੇ ਵਿਟਾਮਿਨ ਏ ਅਤੇ ਸੀ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਮਟਰਾਂ ਦੀ ਅਗੇਤੀ ਬਿਜਾਈ ਬਹੁਤ ਹੀ ਲਾਹੇਵੰਦ ਧੰਦਾ ਹੈ ਕਿਉਂਕਿ ਅਗੇਤੀ ਫ਼ਸਲ ਦਾ ਮੰਡੀ ਵਿੱਚ ਜ਼ਿਆਦਾ ਮੁੱਲ ਮਿਲਦਾ ਹੈ।

**ਅਗੇਤੀ ਕਿਸਮ : ਮਟਰ ਅਗੇਤਾ-7 :** ਇਸ ਦੇ ਬੂਟੇ ਛੇਤੀ ਵਧਣ ਵਾਲੇ ਹੁੰਦੇ ਹਨ। ਹਰ ਬੂਟੇ ਤੇ 15-18 ਭਰਵੀਆਂ ਫਲੀਆਂ ਲਗਦੀਆਂ ਹਨ ਅਤੇ ਹਰ ਫਲੀ ਵਿੱਚ 7-9 ਦਾਣੇ ਹੁੰਦੇ ਹਨ। ਫਲੀਆਂ ਦੀ ਲੰਬਾਈ ਦਰਮਿਆਨੀ (9.5 ਸੈਂਟੀਮੀਟਰ) ਅਤੇ ਸਿਰੇ ਤੋਂ ਥੋੜ੍ਹੀਆਂ ਮੁੜੀਆਂ ਹੁੰਦੀਆਂ ਹਨ। ਇਸ ਦੀਆਂ ਫਲੀਆਂ ਇੱਕਲੀਆਂ ਜਾਂ ਜੋੜਿਆਂ ਵਿੱਚ ਲੱਗਦੀਆਂ ਹਨ। ਇਸ ਦੀਆਂ ਫਲੀਆਂ ਵਿੱਚੋਂ ਲਗਭਗ 48 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਇਹ ਅਗੇਤੀ ਕਿਸਮ ਹੈ ਅਤੇ 65-70 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ। ਇਸ ਕਿਸਮ ਦੀਆਂ ਹਰੀਆਂ ਫਲੀਆਂ ਦਾ ਝਾੜ 32 ਕੁਇੰਟਲ ਪ੍ਰਤੀ ਏਕੜ ਹੈ।



## ਅਗੇਤੇ ਮਟਰਾਂ ਦੀ ਕਾਸ਼ਤ ਦੇ ਨੁਕਤੇ

**ਬਿਜਾਈ ਤੇ ਬੀਜ ਦੀ ਮਾਤਰਾ :** ਸਤੰਬਰ ਦੇ ਮਹੀਨੇ ਵਿੱਚ ਬੀਜੀ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ। ਇਸ ਲਈ ਮੈਦਾਨੀ ਇਲਾਕਿਆਂ ਵਿੱਚ ਬਿਜਾਈ ਕਰਨ ਲਈ ਸਭ ਤੋਂ ਉੱਤਮ ਸਮਾਂ ਅਕਤੂਬਰ ਦਾ ਪਹਿਲਾ ਹਫਤਾ ਹੈ। ਪ੍ਰੰਤੂ ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਅਗੇਤੇ ਮਟਰ ਦੀ ਬਿਜਾਈ ਸਤੰਬਰ ਦੇ ਅਖੀਰਲੇ ਹਫਤੇ ਕੀਤੀ ਜਾਂਦੀ ਹੈ। ਮਸ਼ੀਨੀ ਬਿਜਾਈ ਲਈ ਅਗੇਤੀਆਂ ਕਿਸਮਾਂ ਦੀ 45 ਕਿਲੋ ਬੀਜ ਪ੍ਰਤੀ ਏਕੜ ਲਗਦਾ ਹੈ। ਹੱਥਾਂ ਨਾਲ ਬਿਜਾਈ ਕਰਨ ਤੇ ਬੀਜ ਦੀ ਮਾਤਰਾ ਘੱਟ ਲੱਗਦੀ ਹੈ। ਅਗੇਤੀਆਂ ਕਿਸਮਾਂ ਲਈ ਫ਼ਸਲਾਂ 30x7.5 ਸੈਂਟੀਮੀਟਰ ਰੱਖਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਮਟਰਾਂ ਦੀ ਬਿਜਾਈ ਪੱਧਰੇ ਤੇ ਕਰਨੀ ਚਾਹੀਦੀ ਹੈ ਪਰ ਬਿਜਾਈ ਸਮੇਂ ਠੀਕ ਵੱਤਰ ਹੋਵੇ। ਮਟਰਾਂ ਦੀ ਬਿਜਾਈ ਖਾਦ ਡਰਿੱਲ ਨਾਲ ਵੱਟਾਂ ਤੇ ਵੀ ਕੀਤੀ ਜਾ ਸਕਦੀ ਹੈ। ਇਸ ਲਈ ਵੱਟਾਂ 60 ਸੈਂਟੀਮੀਟਰ ਚੌੜੀਆਂ ਰੱਖੋ ਅਤੇ ਹਰ ਵੱਟ ਉੱਤੇ 25 ਸੈਂਟੀਮੀਟਰ ਦੂਰੀ ਦੀਆਂ ਦੋ ਕਤਾਰਾਂ ਵਿੱਚ ਬਿਜਾਈ ਕਰੋ। ਇਸ ਡਰਿੱਲ ਨਾਲ ਇੱਕ ਘੰਟੇ ਵਿੱਚ ਇੱਕ ਏਕੜ ਦੀ ਬਿਜਾਈ ਕੀਤੀ ਜਾ ਸਕਦੀ ਹੈ।

**ਟੀਕੇ ਨਾਲ ਬੀਜ ਸੋਧਣਾ :** ਮਟਰਾਂ ਨੂੰ ਬਿਜਾਈ ਤੋਂ ਪਹਿਲਾਂ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਉ ਕਿਉਂਕਿ ਇਸ ਨਾਲ ਝਾੜ ਵੱਧ ਜਾਂਦਾ ਹੈ। ਇਹ ਟੀਕਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਈਕਰੋਬਾਇਓਲੋਜੀ ਵਿਭਾਗ ਵਿੱਚ ਉਪਲਬੱਧ ਹੈ। ਅਗੇਤੀ ਬੀਜੀ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ। ਇਸ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ। ਮਟਰਾਂ ਦੀ ਬੀਜ ਨੂੰ ਸੋਧਣ ਲਈ ਅੱਧੇ ਲਿਟਰ ਪਾਣੀ ਵਿੱਚ ਰਾਈਜ਼ੋਬੀਅਮ ਦੇ ਟੀਕੇ ਦਾ ਪੈਕਟ (ਇਕ ਏਕੜ ਵਾਲਾ) ਅਤੇ 675 ਗ੍ਰਾਮ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ ਰਲਾ ਦਿਉ। ਫਿਰ ਇਸ ਘੋਲ ਨੂੰ 45 ਕਿਲੋ ਬੀਜ ਵਿੱਚ ਚੰਗੀ ਤਰ੍ਹਾਂ ਮਿਲਾ ਦਿਉ। ਬੀਜ ਨੂੰ ਛਾਵੇਂ ਸੁੱਕਾ ਕੇ ਉਸੇ ਦਿਨ ਖੇਤ ਵਿੱਚ ਬੀਜ ਦਿਉ।

**ਖਾਦਾਂ :** ਮਟਰ ਵਾਸਤੇ ਏਕੜ ਪਿੱਛੇ 8 ਟਨ ਗੋਹੇ ਦੀ ਗਲੀ ਸੜੀ ਰੂੜੀ, 20 ਕਿਲੋ ਨਾਈਟ੍ਰੋਜਨ (45 ਕਿਲੋ ਯੂਰੀਆ) ਅਤੇ 25 ਕਿਲੋ ਫ਼ਾਸਫ਼ੋਰਸ (155 ਕਿਲੋ ਸੁਪਰਫ਼ਾਸਫ਼ੇਟ) ਬਿਜਾਈ ਤੋਂ ਪਹਿਲਾਂ ਖੇਤ ਵਿੱਚ ਪਾਉ। ਇਹ ਸਾਰੀਆਂ ਖਾਦਾਂ ਬਿਜਾਈ ਤੋਂ ਪਹਿਲਾਂ ਪਾਉਣੀਆਂ ਚਾਹੀਦੀਆਂ ਹਨ।

**ਨਦੀਨਾਂ ਦੀ ਰੋਕਥਾਮ :** ਬੀਜ ਉੱਗਣ ਤੋਂ 4 ਅਤੇ 8 ਹਫ਼ਤਿਆਂ ਪਿੱਛੋਂ ਗੋਡੀ ਕਰਕੇ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖੋ। ਮਟਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਸਟੌਪ 30 ਤਾਕਤ (ਪੈਂਡੀਮੈਥਾਲਿਨ) ਇੱਕ ਲਿਟਰ ਜਾਂ ਐਫਲੋਂਟ 50 ਤਾਕਤ (ਲੀਨੂਰੋਨ) 500 ਗ੍ਰਾਮ ਪ੍ਰਤੀ ਏਕੜ, ਨਦੀਨ ਉੱਗਣ ਤੋਂ ਪਹਿਲਾਂ ਬਿਜਾਈ ਤੋਂ ਦੋ ਦਿਨਾਂ ਦੇ ਵਿੱਚ ਵਰਤੋਂ। ਨਦੀਨ ਨਾਸ਼ਕ ਨੂੰ 150 ਤੋਂ 200 ਲਿਟਰ ਪਾਣੀ ਵਿੱਚ ਘੋਲ ਲਵੋ ਅਤੇ ਖੇਤ ਵਿੱਚ ਇਕਸਾਰ ਛਿੜਕਾਅ ਕਰੋ। ਇਹ ਨਦੀਨ ਨਾਸ਼ਕ ਚੋੜੇ ਪੱਤੇ ਵਾਲੇ ਤੇ ਘਾਹ ਵਾਲੇ ਨਦੀਨ ਜਿਨ੍ਹਾਂ ਵਿੱਚ ਗੁੱਲੀ ਡੰਡਾ ਆਦਿ ਸ਼ਾਮਲ ਹਨ, ਉੱਤੇ ਕਾਬੂ ਪਾ ਸਕਦੇ ਹਨ।

**ਸਿੰਚਾਈ :** ਬਿਜਾਈ ਠੀਕ ਵੱਤਰ ਵਿੱਚ ਕਰੋ। ਪਹਿਲਾਂ ਪਾਣੀ ਬਿਜਾਈ ਤੋਂ 15-20 ਦਿਨ ਬਾਅਦ ਲਾਉ। ਅਗਲਾ ਪਾਣੀ ਫੁੱਲ ਆਉਣ ਤੇ ਅਤੇ ਫਿਰ ਅਗਲਾ ਫ਼ਲ ਪੈਣ ਤੇ ਜੇ ਜ਼ਰੂਰਤ ਮੁਤਾਬਕ ਲਾਉ। ਮਟਰ ਦੀ ਫ਼ਸਲ ਬਰਾਨੀ ਹਾਲਤਾਂ ਵਿੱਚ ਵੀ ਘੱਟ ਸਿੰਚਾਈਆਂ ਨਾਲ ਉਗਾਈ ਜਾ ਸਕਦੀ ਹੈ। ਜ਼ਮੀਨ ਦੀ ਕਿਸਮ ਅਤੇ ਮੌਸਮ ਮੁਤਾਬਕ ਕੁੱਲ 3-4 ਪਾਣੀਆਂ ਦੀ ਹੀ ਲੋੜ ਹੈ।

**ਤੁੜਾਈ :** ਮਟਰਾਂ ਦੀ ਤੁੜਾਈ ਸਮੇਂ ਸਿਰ ਕਰੋ ਅਤੇ ਫਲੀਆਂ ਨੂੰ ਜ਼ਿਆਦਾ ਨਾ ਪੱਕਣ ਦਿਓ। ਅਗੇਤੀਆਂ ਕਿਸਮਾਂ ਦੀਆਂ ਆਮ ਤੌਰ ਤੇ ਦੋ ਤੁੜਾਈਆਂ ਕੀਤੀਆਂ ਜਾਂਦੀਆਂ ਹਨ।

**ਰਜਿੰਦਰ ਕੁਮਾਰ ਢੱਲ ਅਤੇ ਹੀਰਾ ਸਿੰਘ, ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 82838-40078)

# ਖੇਤੀ ਵਿਭਿੰਨਤਾ ਵਿੱਚ ਅਹਿਮ ਯੋਗਦਾਨ

# ਕਨੋਲਾ ਗੋਭੀ ਸਰ੍ਹੋਂ

**ਪ੍ਰਭਜੀਤ ਕੌਰ ਅਤੇ ਹਰਵਿੰਦਰ ਸਿੰਘ ਬੁੱਟਰ,**
**ਕ੍ਰਿਸ਼ੀ ਵਿਗਿਆਨ ਕੇਂਦਰ, ਜਲੰਧਰ (ਨੂਰਮਹਿਲ)**
**ਮੋਬਾਇਲ : 62844-48446**

ਕਨੋਲਾ ਗੋਭੀ ਸਰ੍ਹੋਂ ਦੀ ਕਾਸ਼ਤ ਕਿਸਾਨਾਂ ਲਈ ਖੇਤੀ ਵਿਭਿੰਨਤਾ ਲਿਆਉਣ ਵਿੱਚ ਸਹਾਇਕ ਹੈ ਅਤੇ ਕਨੋਲਾ ਕਿਸਮਾਂ ਦਾ ਤੇਲ ਮਨੁੱਖੀ ਸਿਹਤ ਲਈ ਅਤੇ ਖਲ ਪਸ਼ੂਆਂ ਦੀ ਖੁਰਾਕ ਲਈ ਬਹੁਤ ਵਧੀਆ ਹੁੰਦੇ ਹਨ।

**ਬਿਜਾਈ ਦਾ ਸਮਾਂ :** ਕਨੋਲਾ ਗੋਭੀ ਸਰ੍ਹੋਂ ਦੀ ਬਿਜਾਈ 10 ਤੋਂ 30 ਅਕਤੂਬਰ ਅਤੇ ਪਨੀਰੀ ਰਾਹੀਂ ਗੋਭੀ ਸਰ੍ਹੋਂ ਨਵੰਬਰ ਤੋਂ ਅੱਧ ਦਸੰਬਰ ਤੱਕ ਬੀਜੀ ਜਾ ਸਕਦੀ ਹੈ। ਜ਼ਮੀਨ ਵਿੱਚ ਨਮੀ ਘੱਟ ਹੋਵੇ ਤਾਂ ਇਸ ਦੀ ਬਿਜਾਈ ਤੋਂ ਇੱਕ ਰਾਤ ਪਹਿਲਾਂ ਬੀਜ ਨੂੰ ਗਿੱਲੀ ਮਿੱਟੀ ਵਿੱਚ ਮਿਲਾ ਕੇ ਰੱਖਣਾ ਚਾਹੀਦਾ ਹੈ। ਮਿੱਟੀ ਵਿੱਚ ਮਿਲਾਇਆ ਹੋਇਆ ਬੀਜ ਖੇਤ ਵਿੱਚ ਇੱਕਸਾਰ ਛੱਡ ਲਈ ਵੀ ਸਹਾਈ ਹੁੰਦਾ ਹੈ।

**ਬੀਜ ਦੀ ਮਾਤਰਾ ਅਤੇ ਬੂਟਿਆਂ ਵਿਚਕਾਰ ਫ਼ਾਸਲਾ :** ਇਸ ਲਈ 1.5 ਕਿੱਲੋ ਬੀਜ ਪ੍ਰਤੀ ਏਕੜ ਵਰਤੋਂ। ਨਿਰੋਲ ਫ਼ਸਲ ਦੀ ਬਿਜਾਈ ਡਰਿੱਲ ਜਾਂ ਪੋਰੇ ਨਾਲ 30 ਸੈਂਟੀਮੀਟਰ ਵਿੱਥ ਵਾਲੀਆਂ ਲਾਈਨਾਂ ਵਿੱਚ 4-5 ਸੈਂਟੀਮੀਟਰ ਡੂੰਘੀ ਕਰੋ। ਬੂਟਿਆਂ ਵਿਚਕਾਰ 10 ਤੋਂ 15 ਸੈਂਟੀਮੀਟਰ ਦੀ ਵਿੱਥ ਰੱਖੋ। ਗੋਭੀ ਸਰ੍ਹੋਂ ਦੀਆਂ ਕਤਾਰਾਂ ਵਿੱਚ 45 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 10 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਜੇਕਰ ਕਨੋਲਾ ਗੋਭੀ ਸਰ੍ਹੋਂ ਜੀ ਐਸ ਸੀ 6 ਦੀ ਬਿਜਾਈ ਨਵੰਬਰ ਮਹੀਨੇ ਵਿੱਚ ਕਰਨੀ ਪਵੇ ਤਾਂ ਕਤਾਰਾਂ ਵਿਚਕਾਰ ਫ਼ਾਸਲਾ 30 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 10 ਸੈਂਟੀਮੀਟਰ ਰੱਖਣਾ ਚਾਹੀਦਾ ਹੈ।

**ਖਾਦਾਂ :** ਦਰਮਿਆਨੀਆਂ ਉਪਜਾਊ ਜ਼ਮੀਨਾਂ ਵਿੱਚ ਗੋਭੀ ਸਰ੍ਹੋਂ ਦੀ ਫ਼ਸਲ ਨੂੰ 90 ਕਿੱਲੋ ਯੂਰੀਆ ਅਤੇ 75 ਕਿੱਲੋ ਫ਼ਾਸਫ਼ੋਰਸ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ। ਮਿੱਟੀ ਪਰਖ ਦੇ ਅਧਾਰ ਤੇ ਪੋਟਾਸ਼ ਤੱਤ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਗੋਭੀ ਸਰ੍ਹੋਂ ਨੂੰ 6 ਕਿੱਲੋ ਪੋਟਾਸ਼ (10 ਕਿੱਲੋ ਮਿਉਰੇਟ ਆਫ ਪੋਟਾਸ਼) ਪ੍ਰਤੀ ਏਕੜ ਪਾਓ।



**ਨਦੀਨਾਂ ਦੀ ਰੋਕਥਾਮ :** ਗੋਭੀ ਸਰ੍ਹੋਂ ਨੂੰ ਬਿਜਾਈ ਤੋਂ 1 ਮਹੀਨੇ ਬਾਅਦ ਹੈਂਡ-ਹੋ ਨਾਲ ਇੱਕ ਗੋਡੀ ਅਤੇ ਦੂਜੀ ਗੋਡੀ, ਜੇ ਲੋੜ ਪਵੇ ਤਾਂ ਪਹਿਲੀ ਗੋਡੀ ਤੋਂ 21 ਦਿਨਾਂ ਬਾਅਦ ਕਰੋ।

**ਕੁੱਝ ਜ਼ਰੂਰੀ ਨੁਕਤੇ :**

★ ਫੁੱਲ ਪੈਣ ਦੀ ਸ਼ੁਰੂਆਤ ਅਵਸਥਾ, ਫ਼ਲੀਆਂ ਬਣਨ ਅਤੇ ਦਾਣੇ ਬਣਨ ਸਮੇਂ ਸਿੰਚਾਈ ਦਾ ਖ਼ਾਸ ਖ਼ਿਆਲ ਰੱਖੋ।

★ ਜੇ ਨਾਈਟ੍ਰੋਜਨ ਯੂਰੀਏ ਦੀ ਸ਼ਕਲ ਵਿੱਚ ਪਾਉਣੀ ਹੋਵੇ ਤਾਂ ਰੌਣੀ ਤੋਂ ਤੁਰੰਤ ਪਹਿਲਾਂ ਪਾਉ।

★ ਫ਼ਾਸਫ਼ੋਰਸ ਲਈ ਸਿੰਗਲ ਸੁਪਰਫ਼ਾਸਫ਼ੇਟ ਖਾਦ ਨੂੰ ਪਹਿਲ ਦਿਉ। ਜੇ ਇਹ ਖਾਦ ਨਾ ਮਿਲੇ ਤਾਂ ਖਾਸ ਕਰਕੇ ਸਲਫ਼ਰ ਤੱਤ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 80 ਕਿੱਲੋ ਜਿਪਸਮ ਜਾਂ 13 ਕਿੱਲੋ ਬੈਂਟੋਨਾਈਟ-ਸਲਫ਼ਰ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ ਅਤੇ ਫ਼ਾਸਫ਼ੋਰਸ ਤੱਤ ਦੀ ਪੂਰਤੀ ਲਈ 26 ਕਿੱਲੋ ਡੀ ਏ ਪੀ ਪ੍ਰਤੀ ਏਕੜ ਪਾਓ।

★ ਗੋਭੀ ਸਰ੍ਹੋਂ ਨੂੰ ਸਾਰੀ ਫ਼ਾਸਫ਼ੋਰਸ, ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਬਿਜਾਈ ਸਮੇਂ ਪਾਉ। ਬਾਕੀ ਦੀ ਅੱਧੀ ਨਾਈਟ੍ਰੋਜਨ ਪਹਿਲੇ ਪਾਣੀ ਨਾਲ ਪਾਉ।

**ਗੋਭੀ ਸਰ੍ਹੋਂ ਦੀਆਂ ਉੱਨਤ ਕਿਸਮਾਂ :**

| ਉੱਨਤ ਕਿਸਮਾਂ | ਵਿਸ਼ੇਸ਼ਤਾਵਾਂ | ਤੇਲ ਦੀ ਮਾਤਰਾ (ਪ੍ਰਤੀਸ਼ਤ) | ਪੱਕਣ ਦਾ ਸਮਾਂ (ਦਿਨ) | ਔਸਤ ਝਾੜ (ਕੁਇੰਟਲ ਪ੍ਰਤੀ ਏਕੜ) |
|---|---|---|---|---|
| ਪੀ ਜੀ ਐਸ ਐਚ-1707 | ਪੀ ਜੀ ਐਸ ਐਚ 1707 ਇਹ ਕਨੋਲਾ ਕੁਆਲਿਟੀ ('00') ਦੀ ਦੋਗਲੀ ਕਿਸਮ ਸੇਜੂ ਹਾਲਤਾਂ ਵਿੱਚ ਸਮੇਂ ਸਿਰ ਬਿਜਾਈ ਲਈ ਸਿਫਾਰਸ਼ ਕੀਤੀ ਗਈ ਹੈ। ਇਸ ਕਿਸਮ ਨੂੰ ਚਿੱਟੀ ਕੁੰਗੀ ਨਹੀਂ ਲੱਗਦੀ। | 41.0 | 162 | 8.8 |
| ਗੋਭੀ ਸਰ੍ਹੋਂ ਜੀ ਐਸ ਸੀ-7 | ਇਹ ਇੱਕ ਦਰਮਿਆਨੇ ਕੱਦ ਵਾਲੀ ਕਿਸਮ ਹੈ ਜਿਸ ਨੂੰ ਚਿੱਟੀ ਕੁੰਗੀ ਦਾ ਰੋਗ ਨਹੀਂ ਲੱਗਦਾ ਅਤੇ ਝੁਲਸ ਰੋਗ ਘੱਟ ਲੱਗਦਾ ਹੈ। | 40.5 | 154 | 8.9 |
| ਜੀ ਐਸ ਸੀ 6 | ਇਹ ਕਨੋਲਾ ('00') ਕਿਸਮ ਸਮੇਂ ਸਿਰ ਅਤੇ ਸੇਜੂ ਹਾਲਤਾਂ ਵਿੱਚ ਬਿਜਾਈ ਲਈ ਸਿਫ਼ਾਰਿਸ਼ ਕੀਤੀ ਗਈ ਹੈ। | 39.1 | 145 | 6.1 |

# ਨਰਮੇ ਕਪਾਹ ਤੋਂ ਵਧੇਰੇ ਝਾੜ ਲੈਣ ਲਈ ਜ਼ਰੂਰੀ ਨੁਕਤੇ

★ ਨਰਮੇ ਦੀ ਫ਼ਸਲ ਨੂੰ ਲੋੜ ਮੁਤਾਬਿਕ ਅਖੀਰਲਾ ਪਾਣੀ ਲਗਾ ਦਿਓ ਤਾਂ ਜੋ ਟੀਂਡੇ ਪੂਰੀ ਤਰ੍ਹਾਂ ਖਿੜ ਜਾਣ।

★ ਨਰਮਾ ਸਾਫ਼ ਅਤੇ ਸੁੱਕਾ ਚੁਣੋ ਤਾਂ ਕਿ ਮੰਡੀ ਵਿੱਚ ਇਸ ਦਾ ਮੁੱਲ ਜ਼ਿਆਦਾ ਪਵੇ। ਚੁਗਾਈ 15-20 ਦਿਨਾਂ ਦੇ ਵਕਫੇ ਤੇ ਕਰਨੀ ਚਾਹੀਦੀ ਹੈ। ਚੁਣੇ ਹੋਏ ਨਰਮੇ ਨੂੰ ਕਦੇ ਵੀ ਗਿੱਲੀ ਥਾਂ ਤੇ ਨਾ ਰੱਖੋ, ਕਿਉਂਕਿ ਇਸ ਨਾਲ ਨਰਮੇ ਦੀ ਗੁਣਵੱਤਾ ਵਿੱਚ ਫ਼ਰਕ ਪੈ ਜਾਂਦਾ ਹੈ। ਨਰਮਾ ਸੁੱਕੇ ਗੁਦਾਮਾਂ ਵਿੱਚ ਸਾਂਭੋ।



★ ਗੁਲਾਬੀ ਸੁੰਡੀ ਦੇ ਲਈ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹੋ। ਜੇਕਰ ਨੁਕਸਾਨ 5 ਪ੍ਰਤੀਸ਼ਤ ਤੋਂ ਵੱਧ ਹੋਵੇ ਤਾਂ 300 ਮਿਲੀਲਿਟਰ ਡੈਨੀਟੋਲ 10 ਈ ਸੀ (ਫੈਨਪਰੋਪੈਥਰਿਨ) ਜਾਂ 160 ਮਿਲੀਲਿਟਰ ਡੈਸਿਸ 2.8 ਈ ਸੀ (ਡੈਲਟਾਮੈਥਰਿਨ) ਜਾਂ 200 ਮਿਲੀਲਿਟਰ ਰਿਪਕੋਰਡ/ਸਾਈਪਰਗਾਰਡ 10 ਈ ਸੀ (ਸਾਈਪਰਮੈਥਰਿਨ) ਜਾਂ 100 ਮਿਲੀਲਿਟਰ ਸੁਮੀਸੀਡੀਨ/ਮਾਰਕਫੈਨਵਲ 20 ਈ ਸੀ (ਫੈਨਵਲਰੇਟ) ਜਾਂ 100 ਗ੍ਰਾਮ ਪ੍ਰੋਕਲੇਮ (ਇਮਾਮੈਕਟਿਨ ਬੈਂਜੋਏਟ) ਦਾ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

★ ਆਖਰੀ ਚੁਗਾਈ ਤੋਂ ਬਾਅਦ ਗੁਲਾਬੀ ਸੁੰਡੀ ਦੇ ਹਮਲੇ ਵਾਲੇ ਨਰਮੇ ਦੇ ਖੇਤਾਂ ਵਿੱਚ ਬਚੀਆਂ ਛਿਟੀਆਂ ਨੂੰ ਸ਼ਰੈਡਰ ਦੁਆਰਾ ਖੇਤਾਂ ਵਿੱਚ ਵਾਹ ਦਿਓ ਤਾਂ ਜੋ ਇਸ ਕੀੜੇ ਦਾ ਹਮਲੇ ਨੂੰ ਅੱਗੇ ਵੱਧਣ ਤੋਂ ਰੋਕਿਆ ਜਾ ਸਕੇ।

★ ਹਮਲੇ ਵਾਲੇ ਖੇਤਾਂ ਦੀਆਂ ਛਿਟੀਆਂ ਨੂੰ ਨਵੀਂ ਜਗ੍ਹਾ ਤੇ ਨਾ ਲਿਜਾਓ।

★ ਛਿਟੀਆਂ ਨੂੰ ਵੱਢ ਕੇ ਖੇਤ ਵਿੱਚ ਰੱਖਣ ਨਾਲ ਇਹ ਕੀੜੇ ਬਹੁਤ ਫੈਲਦੇ ਹਨ। ਨਰਮੇ ਦੀਆਂ ਛਿਟੀਆਂ ਦੇ ਢੇਰ ਖੇਤ ਵਿੱਚ ਨਾ ਲਗਾਓ, ਸਗੋਂ ਪਿੰਡ ਵਿੱਚ ਲਗਾਓ। ਛਿਟੀਆਂ ਦੀਆਂ ਭਰੀਆਂ ਦੇ ਢੇਰ ਖੜ੍ਹਵੇਂ ਅਤੇ ਰੁੱਖ/ਦਰੱਖਤ ਆਦਿ ਦੀ ਛਾਂ ਤੋਂ ਪਰੇ ਧੁੱਪ ਵਿੱਚ ਲਗਾਓ।

- **ਵਿਜੈ ਕੁਮਾਰ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 97794-51214)


ਇੰਡੋਫ਼ਿਲ ਦਾ ਵਾਅਦਾ
ਸਿਹਤਮੰਦ ਆਲੂ ਅਤੇ ਵਧੀਆ ਪੈਦਾਵਾਰ
sprint
ZINEB 75% WP
INDOFIL Z-78
CONTACT FUNGICIDE
IGLARE
आयग्लेर
MANCOZEB 75% W.P.
INDOFIL M-45
CONTACT FUNGICIDE
MatcoGOLD
Systemic and Contact Fungicide
CYMOXANIL 8% + MANCOZEB 64% WP
MOXIMATE
SYSTEMIC & CONTACT FUNGICIDE
मोक्सीमेट
FERTILIZER
VITAL ENERGY
Metalosate
FERTILIZER
FRUIT ENERGY
Metalosate
indofil™